Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਜਨਵਰੀ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ



ਸਰਬੰਸਦਾਨੀ, ਸਾਹਿਬ-ਏ-ਕਮਾਲ, ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਸੰਨ 1666 ਈ: ਨੂੰ ਨੌਂਵੇਂ ਨਾਨਕ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ। ਜਦੋਂ ਗੁਰੂ ਸਾਹਿਬ ਦਾ ਜਨਮ ਹੋਇਆ ਤਾਂ ਉਸ ਸਮੇਂ ਸੰਸਾਰ ਵਿਚ ਅਨਿਆਂ ਅਤੇ ਜਬਰ-ਜ਼ੁਲਮ ਦਾ ਬੋਲਬਾਲਾ ਸੀ।

ਆਪ ਜੀ ਦੇ ਜਨਮ ਸਮੇਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੰਗਾਲ ਪ੍ਰਾਂਤ (ਢਾਕਾ) ਵਿਖੇ ਜਾ ਰਹੇ ਸਨ ਅਤੇ ਬੱਚੇ ਦੇ ਜਨਮ ਦੀ ਖ਼ਬਰ ਮਿਲਦਿਆਂ ਸਾਰ ਹੀ ਆਪ ਜੀ ਨੇ ਸੰਦੇਸ਼ ਭੇਜ ਕੇ ਕਿਹਾ ਕਿ ਬਾਲਕ ਦਾ ਨਾਮ 'ਗੋਬਿੰਦ ਰਾਏ' ਰੱਖਿਆ ਜਾਵੇ। ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਆਪ ਦਾ ਪੂਰਾ ਧਿਆਨ ਰੱਖ ਰਹੇ ਸਨ ਅਤੇ ਚਾਰ-ਪੰਜ ਸਾਲ ਆਪ ਪਟਨਾ ਵਿਖੇ ਹੀ ਰਹੇ। ਆਪ ਜੀ ਨੇ ਬਿਹਾਰੀ ਬੋਲੀ ਬਚਪਨ ਦੇ ਸਾਥੀਆਂ ਕੋਲੋਂ ਤੇ ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਤੋਂ ਆਪ ਨੇ ਪੰਜਾਬੀ ਬੋਲੀ ਸਿਖੀ।

ਜਦੋਂ ਆਪ ਜੀ ਥੋੜ੍ਹੇ ਵੱਡੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਬੱਚਿਆਂ ਦੀਆਂ ਦੋ ਢਾਣੀਆਂ ਬਣਾ ਕੇ ਲੜਾਈ ਲੜਨ ਦੀ ਖੇਡ ਖੇਡਦੇ। ਬਾਲ ਉਮਰ ਵਿਚ ਹੀ ਆਪ ਤੀਰਅੰਦਾਜ਼ੀ ਅਤੇ ਤਲਵਾਰਬਾਜ਼ੀ ਵਿਚ ਮਾਹਿਰ ਬਣ ਗਏ ਸਨ।

ਪਿਤਾ ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਵਾਰ ਬਾਲ ਗੋਬਿੰਦ ਰਾਏ ਨੂੰ ਵੇਖਿਆ ਤਾਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਥੋੜ੍ਹੀ ਦੇਰ ਪਟਨਾ ਰੁਕਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਨੂੰ ਵਾਪਿਸ ਆ ਗਏ। ਗੁਰੂ ਤੇਗ ਬਹਾਦਰ ਜੀ ਨੇ ਜਦ ਪੰਜਾਬ ਦੀ ਹੋਰ ਵਿਗੜਦੀ ਦਸ਼ਾ ਦੇਖੀ ਤਾਂ ਪਰਿਵਾਰ ਨੂੰ ਵਾਪਿਸ ਆਪਣੇ ਕੋਲ ਬੁਲਾਉਣਾ ਹੀ ਠੀਕ ਸਮਝਿਆ ਤਾਂ ਕਿ ਬਾਲਕ ਗੋਬਿੰਦ ਰਾਏ ਦੀ ਸਿੱਖਿਆ ਹੁਣ ਉਹਨਾਂ ਦੀ ਆਪਣੀ ਦੇਖ-ਰੇਖ ਵਿਚ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਦੀ ਉਮਰ ਤੱਕ ਅਰਬੀ, ਫਾਰਸੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ 9 ਸਾਲ ਦੀ ਉਮਰ ਵਿਚ ਆਪ ਨੇ ਆਪਣੇ ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਨੁੱਖਤਾ ਦੀ ਰੱਖਿਆ ਲਈ ਸ਼ਹਾਦਤ ਦੇਣ ਲਈ ਦਿੱਲੀ ਵੱਲ ਤੋਰਿਆ ਤਾਂ ਜੋ ਮਨੁੱਖਤਾ ਅੰਦਰ ਡਰ ਖਤਮ ਕੀਤਾ ਜਾਵੇ ਅਤੇ ਮੁਰਦਾ ਹੋ ਚੁੱਕੀ ਕੌਮ ਵਿਚ ਨਵੀਂ ਰੂਹ ਫੂਕੀ ਜਾਵੇ। ਗੁਰੂ ਸਾਹਿਬ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਿਰਜਣਾ ਕਰਕੇ ਅਜਿਹੇ ਮਰਜੀਵੜਿਆਂ ਦੀ ਕੌਮ ਪੈਦਾ ਕਰਕੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ। ਖ਼ਾਲਸਾ ਪੰਥ ਦੀ ਸਿਰਜਣਾ ਕਰਨ ਸਮੇ ਆਪ ਨੇ ਪੰਜ ਪਿਆਰਿਆਂ ਨੂੰ ਇੱਕੋ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਊਚ-ਨੀਚ ਦਾ ਭੇਦ ਮਿਟਾ ਕੇ ਗਿੱਦੜਾਂ ਤੋਂ ਸ਼ੇਰ ਬਣਾਇਆ। ਇਥੇ ਹੀ ਬਸ ਨਹੀਂ ਸਗੋਂ ਆਪ ਵੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਨੇ ਗੁਰੂ ਚੇਲੇ ਦਾ ਭੇਦ ਭਾਵ ਮਿਟਾ ਦਿੱਤਾ। ਸਦੀਆਂ ਤੋਂ ਬੁਜ਼ਦਿਲ ਸਮਝੇ ਜਾਂਦੇ ਲੋਕਾਂ ਨੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਦੁਸ਼ਮਣਾਂ ਨੂੰ ਜੰਗ ਵਿਚ ਕਰਾਰੀ ਮਾਤ ਦਿੱਤੀ ਜਿਸ ਨਾਲ ਅੱਤਿਆਚਾਰੀ ਮੁਗਲ ਸ਼ਾਸਨ ਦੀਆਂ ਜੜ੍ਹਾਂ ਹਿਲ ਗਈਆਂ। ਗੁਰੂ ਸਾਹਿਬ ਨੇ ਪਹਿਲਾਂ ਗੁਰੂ ਪਿਤਾ ਗੁਰੂ ਤੇਗ ਬਹਾਦਰ ਜੀ, ਫਿਰ ਮੈਦਾਨ-ਏ-ਜੰਗ ਵਿਚ ਦੋ ਵੱਡੇ ਸ਼ਾਹਿਬਜ਼ਾਦਿਆਂ, ਮਾਤਾ ਜੀ ਦੀ ਸ਼ਹੀਦੀ ਅਤੇ ਛੋਟੇ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਕੇ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।

ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਮਨੁੱਖ ਨੂੰ ਖਾਲਸ ਜੀਵਨ ਜੀਉਣ ਦਾ ਮਾਰਗ ਦਰਸਾਇਆ ਹੈ। ਅਨੇਕਤਾ ਦੀ ਥਾਂ ਏਕਤਾ ਦਾ ਪਾਠ ਆਪ ਜੀ ਦੇ ਉਪਦੇਸ਼ਾਂ ਵਿਚੋਂ ਪ੍ਰਬਲ ਰੂਪ ਵਿਚ ਉਜਾਗਰ ਹੁੰਦਾ ਹੈ।

ਆਓ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹੋਏ, ਉਨ੍ਹਾਂ ਵੱਲੋਂ ਬਖਸ਼ੀ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਆਪਣੇ ਜੀਵਨ ਨੂੰ ਸਫਲਾ ਕਰੀਏ!

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ

**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**

**ਮਾਘ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 13-01-2025 (ਸੋਮਵਾਰ)**
**ਸੰਗਰਾਂਦ - 14-01-2025 (ਮੰਗਲਵਾਰ)**
**ਮੱਸਿਆ - 29-01-2025 (ਬੁੱਧਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 139 | ਜਨਵਰੀ - 2025


1. ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ 4
2. ਖਿਦਰਾਣੇ ਦੀ ਢਾਬ ਤੋਂ ਮੁਕਤਸਰ 8
3. ਲੋਹੜੀ ਖੁਸ਼ੀਆਂ ਦਾ ਤਿਉਹਾਰ 10
4. ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 11
5. ਜੀਵਨ ਵਿਕਾਸ – ਇਕ ਸੰਘਰਸ਼ 13
6. ਕਿਸ ਤਰ੍ਹਾਂ ਦੇ ਪਤੀ ਤੇ ਪਿਤਾ ਸਨ ਡਾ. ਮਨਮੋਹਨ ਸਿੰਘ 14
7. ਬੰਦ ਦਰਵਾਜ਼ਿਆਂ ਦੀਆਂ ਝੀਥਾਂ ਵਿਚ ਝਾਕਦਿਆਂ – ਡਾ. ਮਨਮੋਹਨ ਸਿੰਘ 16
8. ਖੁਸ਼ਆਮਦੀਦ ਸਾਲ 2025 19
9. ਗੁਰ ਸਾਗਰ ਦੇ ਸੁੱਚੇ ਮੋਤੀ 21
10. ਸ਼ਹੀਦਾਨਿ–ਵਫ਼ਾ ਅਤੇ ਗੰਜਿ–ਸ਼ਹੀਦਾਂ 22
11. ਨਾਟਕ ਹੀ ਨਾਟਕ 24
12. ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ 25
13. ਵਿਸਰਦਾ ਜਾਂਦਾ ਵਿਰਸਾ 28
14. ਸਿਹਤ ਸੰਭਾਲ 30
15. ਕਾਵਿ–ਕਿਆਰੀ 32
16. Republic Day 35
17. Google appoints Lobana as country manager for India 36
18. Application Form 37
19. Matrimonial 39
20. ਦਾਨੀ ਸੱਜਣਾਂ ਦੀ ਸੂਚੀ 40

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ



ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸੰਤ ਸਿਪਾਹੀ ਸਨ, ਇਕ ਇਨਕਲਾਬੀ ਯੋਧਾ ਸਨ। ਉਨ੍ਹਾਂ ਪਹਿਲੇ ਨੌਂ ਗੁਰੂ ਸਾਹਿਬਾਨ ਵਾਂਗ ਜਿੱਥੇ ਸਾਂਝੀਵਾਲਤਾ, ਨਾਮ ਜਪਣ, ਇਕ ਸੱਚਾ ਸੁੱਚਾ ਜੀਵਨ ਬਿਤਾਉਣ ਦਾ ਸੰਦੇਸ਼ ਦਿਤਾ, ਉਥੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਹਿੰਦੁਸਤਾਨ ਦੇ ਇਤਿਹਾਸ ਦਾ ਰੁਖ਼ ਮੋੜ ਦਿੱਤਾ, ਇਕ ਨਿਤਾਣੀ ਹੋ ਚੁੱਕੀ ਭਾਰਤੀ ਕੌਮ ਵਿਚ ਅਜਿਹਾ ਜਜ਼ਬਾ ਭਰਿਆ ਕਿ ਚਿੜੀਆਂ ਨੂੰ ਬਾਜ਼ਾਂ ਨਾਲ, ਸਵਾ ਲੱਖ ਨਾਲ ਇਕ ਖਾਲਸਾ ਲੜਾ ਕੇ ਭਾਰਤੀ ਸਮਾਜ ਦਾ ਮੂੰਹ ਮੁਹਾਂਦਰਾ ਬਦਲ ਕੇ ਰੱਖ ਦਿੱਤਾ। ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਅੱਜ ਹਿੰਦੁਸਤਾਨ ਦਾ ਇਤਿਹਾਸ ਅਤੇ ਇਸ ਦਾ ਭੂਗੋਲਿਕ ਨਕਸ਼ਾ ਹੋਰ ਹੁੰਦਾ, ਭਾਰਤੀਆਂ ਦਾ ਧਾਰਮਿਕ, ਇਤਿਹਾਸਿਕ ਤੇ ਸੱਭਿਆਚਾਰਕ ਵਿਰਸਾ ਹੋਰ ਹੁੰਦਾ।




**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
**98155-40240**


ਇਸ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਹਿੰਦੁਸਤਾਨ ਦੀ ਸਥਿਤੀ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਇਸ ਬਾਰੇ ਨਾਮਵਰ ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਏ ਦੀ ਖੋਜ ਭਰਪੂਰ ਲਿਖਤ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ" ਅਨੁਸਾਰ ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸਮੇਂ ਰੱਖੀ। ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਤੋਂ ਲੱਗਭਗ 350 ਵਰ੍ਹੇ ਪਹਿਲਾਂ ਹੀ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕੇ ਇਸਲਾਮੀ ਹਕੂਮਤ ਅਧੀਨ ਆ ਚੁੱਕੇ ਸਨ। ਮੁਸਲਮਾਨਾਂ ਨੂੰ ਕਿਹੜੀਆਂ ਗੱਲਾਂ ਨੇ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਹਿੰਦੁਸਤਾਨ ਵਿਚ ਆਉਣ ਲਈ ਪ੍ਰੇਰਿਆ ਦਾ ਜ਼ਿਕਰ ਕਰਦਿਆਂ ਉਹ ਜ਼ਾਤ-ਪਾਤ ਤੇ ਊਚ-ਨੀਚ ਦੇ ਵਖਰੇਵੇਂ, ਭਰਮ, ਵਹਿਮ, ਇਖਲਾਕੀ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਆਦਿ ਬਾਰੇ ਲਿਖਦੇ ਹਨ, "ਮਨੂੰ ਤੇ ਮਹਾਂਭਾਰਤ ਦੇ ਜ਼ਮਾਨੇ ਪਿੱਛੋਂ ਹਿੰਦੂ ਧਰਮ ਵਿਚ ਭਾਰੀ ਤਬਦੀਲੀ ਆਈ। ਹਿੰਦੂ ਕੌਮ ਦੀ ਏਕਤਾ ਨਾ ਰਹੀ। ਉਨ੍ਹਾਂ ਦਾ ਕੌਮੀ ਤਾਣਾ-ਬਾਣਾ ਲੀਰੋ-ਲੀਰ ਹੋ ਗਿਆ। ਕੌਮੀ ਮਾਲਾ ਦੇ ਮਣਕੇ ਖੇਰੂੰ-ਖੇਰੂੰ ਹੋ ਗਏ। ਜ਼ਾਤੀ ਭੇਦ ਤੇ ਵਿਤਕਰਾ ਇਤਨਾ ਵਧਿਆ ਕਿ ਹਰੇਕ ਫਿਰਕਾ ਨਾ ਕੇਵਲ ਇਕ ਦੂਜੇ ਤੋਂ ਅੱਡ ਹੋ ਕੇ ਢਾਈ ਚੌਲਾਂ ਦੀ ਖਿਚੜੀ ਵੱਖ-ਵੱਖ ਪਕਾਉਣ ਲੱਗਿਆ, ਸਗੋਂ ਇਕ-ਦੂਜੇ ਦੇ ਵਿਰੋਧੀ ਹੋ ਕੇ ਆਪਸ ਵਿਚ ਖਹਿਣ ਤੇ ਇਕ ਦੂਜੇ ਨੂੰ ਉਜਾੜਣ ਲੱਗ ਪਏ।"




ਉਹ ਲਿਖਦੇ ਹਨ ਕਿ "ਸਾਫ ਸਪਸ਼ਟ ਹੈ ਕਿ ਕਮਜ਼ੋਰ ਤੇ ਗਰੀਬ ਹਮੇਸ਼ਾਂ ਜਬਰ-ਜੰਗ ਤੇ ਤਾਕਤ ਦੇ ਮਾਲਕ ਦਾ ਗੋਲਾ ਹੀ ਹੁੰਦਾ ਹੈ। ਇਸੇ ਕਰ ਕੇ ਹੀ ਮੁਸਲਮਾਨ ਜੇਤੂਆਂ ਨੇ ਆਪਣਾ ਮੂੰਹ ਹਿੰਦੁਸਤਾਨ ਵੱਲ ਕੀਤਾ ਅਤੇ ਸਿੱਟਾ ਵੀ ਉਹੀ ਨਿਕਲਿਆ ਜਿਸ ਦੀ ਅਜਿਹੀ ਹਾਲਤ ਵਿਚ ਆਸ ਹੁੰਦੀ ਹੈ। ਇਸਲਾਮੀ ਤਲਵਾਰ ਨੇ ਆਖਰ ਹਿੰਦੂਆਂ ਨੂੰ ਗ਼ੁਲਾਮ ਬਣਾ ਲਿਆ। ਉਨ੍ਹਾਂ ਦੀ ਬਚੀ-ਖੁਚੀ ਤਾਕਤ ਖੇਰੂੰ-ਖੇਰੂੰ ਕਰ ਦਿੱਤੀ। ਜਿੰਨਾ ਵੀ ਹੋ ਸਕਿਆ, ਮੁਸਲਮਾਨਾਂ ਨੇ ਉਨ੍ਹਾਂ ਨੂੰ ਜ਼ਲੀਲ ਤੇ ਖੁਆਰ ਕੀਤਾ। ਉਨ੍ਹਾਂ ਦੀ ਸ਼ਰਮ ਤੇ ਹਯਾ ਨੂੰ ਬਰਬਾਦ ਕੀਤਾ। ਇੱਜ਼ਤ ਦੌਲਤ ਲੁੱਟੀ ਤੇ ਆਪਣੇ ਕਬਜ਼ੇ ਵਿਚ ਕੀਤੀ। ਗ਼ੁਲਾਮੀ ਦਾ ਪਟਾ ਉਨ੍ਹਾਂ ਦੇ ਗਲੇ ਵਿਚ ਐਸਾ ਪਾਇਆ, ਜਿਸ ਨੂੰ ਉਹ ਫਿਰ ਕਦੇ ਵੀ ਆਪਣੇ ਗਲੇ ਵਿੱਚੋਂ ਲਾਹ ਨਾ ਸਕੇ। ਮੁੱਕਦੀ ਗੱਲ ਇਹ ਕਿ ਮੁਸਲਮਾਨ ਜੇਤੂ, ਹਿੰਦੁਸਤਾਨ ਦੇ ਕਰਤਾ ਧਰਤਾ ਤੇ ਐਸੇ ਮਾਲਕ ਬਣੇ, ਜਿਵੇਂ ਕਿ ਮਨੁੱਖ ਪਸ਼ੂਆਂ ਦੇ ਮਾਲਕ ਹੁੰਦੇ ਹਨ।"

"ਇਸਲਾਮ ਦੇ ਮੁੱਢਲੇ ਜੇਤੂਆਂ ਨੇ ਮਜ਼ਹਬੀ ਜੋਸ਼ ਵਿਚ ਬੜੇ ਜ਼ੁਲਮ ਕੀਤੇ। ਉਨ੍ਹਾਂ ਉਪਰ ਬੜੀਆਂ ਬੇਸ਼ਰਮ ਤੇ ਸੱਭਿਅਤਾਹੀਣ ਵਧੀਕੀਆ ਕੀਤੀਆਂ। ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਮੰਦਰਾਂ ਦੀ ਨਾ ਕੇਵਲ ਪਵਿੱਤ੍ਰਤਾ ਹੀ ਭੰਗ ਕੀਤੀ, ਸਗੋਂ ਉਨ੍ਹਾਂ ਨੂੰ ਲੁੱਟਿਆ, ਮੂਰਤੀਆਂ ਤੋੜੀਆਂ ਤੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦਿੱਤਾ। ਉਨ੍ਹਾਂ ਦੀ ਥਾਂ 'ਤੇ ਮਸਜਿਦਾਂ ਬਣਾ ਦਿੱਤੀਆਂ। ਉਨ੍ਹਾਂ ਹਿੰਦੂਆਂ ਦਾ ਕੇਵਲ ਧਨ, ਦੌਲਤ ਤੇ ਗਹਿਣਾ-ਗੱਟਾ ਹੀ ਨਹੀਂ ਲੁੱਟਿਆ, ਸਗੋਂ ਉਨ੍ਹਾਂ ਦੇ ਘਰ ਤੇ ਮੁਹੱਲੇ ਸਾੜ ਫੂਕ ਕੇ ਸੁਆਹ ਕਰ ਦਿੱਤੇ। ਨਾ ਕੇਵਲ ਹਿੰਦੂ ਇਸਤਰੀਆਂ ਦੀ ਇੱਜ਼ਤ ਹੀ ਲੁੱਟੀ, ਸਗੋਂ ਹਜ਼ਾਰਾਂ ਲੱਖਾਂ ਨੂੰ ਕਤਲ ਕਰ ਕੇ ਹਮੇਸ਼ਾਂ ਦੀ ਨੀਂਦ ਸੁਲਾ ਦਿੱਤਾ। ਅਣਗਿਣਤ ਨਰ-ਨਾਰੀ, ਬੱਚੇ, ਜੁਆਨ ਤੇ ਬੁੱਢੇ ਕਤਲ ਕੀਤੇ। ਅਨੇਕਾਂ ਔਰਤਾਂ ਨੂੰ ਗ਼ੁਲਮ ਬਣਾਇਆ ਤੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਲਿਜਾ ਕੇ ਕੇਵਲ ਟੱਕੇ-ਟੱਕੇ ਤੋਂ ਨਿਲਾਮ ਕੀਤਾ ਤੇ ਵੇਚਿਆ। ਹਿੰਦੂਆਂ ਨੂੰ ਜਬਰੀ ਗ਼ੁਲਾਮ ਬਣਾਇਆ। ਉਨ੍ਹਾਂ ਦੀਆਂ ਔਰਤਾਂ ਖੋਹ ਕੇ, ਉਨ੍ਹਾਂ ਨਾਲ ਨਿਕਾਹ ਪੜ੍ਹਾ ਕੇ ਆਪਣੇ ਮਹਿਲਾਂ ਦੀ ਰੌਣਕ ਵਧਾਈ।" ਜਿਹੜਾ ਵੀ ਮੁਸਲਮਾਨਾਂ ਦਾ ਫਿਰਕਾ ਜਾਂ ਖ਼ਾਨਦਾਨ ਇਕ ਦੂਜੇ ਦੇ ਮਗਰੋਂ ਆਇਆ, ਸਾਰਿਆਂ ਨੇ ਹੀ ਹਿੰਦੂਆਂ ਨਾਲ ਇਹੋ ਜਿਹਾ ਹੀ ਵਿਤਕਰੇ ਤੇ ਜ਼ੁਲਮ-ਭਰਿਆ ਸਲੂਕ ਜਾਰੀ ਰੱਖਿਆ। ਇਹੋ ਜਿਹੇ ਹਾਲਾਤ ਵਿਚ ਇਹ ਕੁਦਰਤੀ ਗੱਲ ਸੀ ਕਿ ਜੇਤੂਆਂ ਤੇ ਹਾਰਿਆਂ ਹੋਇਆਂ ਵਿਚ ਘਿਰਣਾ ਵਧੇ। ਸਿੱਟੇ ਵਜੋਂ ਦੋਹਾਂ ਵਿਚ ਅਤਿਅੰਤ ਨਫ਼ਰਤ ਤੇ ਦੁਸ਼ਮਣੀ ਪੈਦਾ ਹੋਈ, ਜੋ ਅੱਜ ਤਕ ਵੀ ਜਾਰੀ ਹੈ।

ਮੁਗਲਾਂ ਨੇ ਹਿੰਦੂਆਂ ਦੇ ਮੰਦਰਾਂ ਨੂੰ ਲੁੱਟਿਆ, ਉਨ੍ਹਾਂ ਦੇ ਦੇਵਤਿਆਂ ਦੀ ਬੇਇੱਜ਼ਤੀ ਕੀਤੀ, ਮੂਰਤੀਆਂ ਭੰਨੀਆਂ ਅਤੇ ਹਿੰਦੂਆਂ ਨੂੰ ਦਿਲ ਖੋਲ੍ਹ ਕੇ ਲੁੱਟਿਆ। ਇਸ ਤੋਂ ਪਹਿਲਾਂ ਮੁਹੰਮਦ ਕਾਸਮ ਨੇ ਹਿੰਦੂਆਂ ਨੂੰ ਉਕਾ ਹੀ ਬਰਬਾਦ ਕਰ ਕੇ ਰਾਜਾ ਦਾਹਿਰ ਵਾਲੀਏ ਸਿੰਧ ਦੀਆਂ ਦੋ ਧੀਆਂ ਅਤੇ ਹੋਰ ਅਨੇਕਾਂ ਇਸਤਰੀਆਂ ਨੂੰ ਕੈਦ ਕਰ ਕੇ ਬਗ਼ਦਾਦ ਵਿਚ, ਜਿੱਥੋਂ ਦਾ ਉਹ ਆਪ ਰਹਿਣ ਵਾਲਾ ਸੀ, ਖ਼ਲੀਫ਼ੇ ਦੇ ਮਹਿਲਾਂ ਵਿਚ ਦਾਖ਼ਲ ਕੀਤਾ। ਕੁਤਬਦੀਨ ਨੇ ਮੇਰਠ ਦੇ ਸਾਰੇ ਮੰਦਰਾਂ ਤੇ ਬੁੱਤਾਂ ਨੂੰ ਤੋੜਿਆ ਤੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰੀਆਂ। ਜਿਸ ਨੇ ਵੀ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ, ਉਸ ਨੂੰ ਮੌਤ ਦੀ ਨੀਂਦ ਸੁਲਾ ਦਿਤਾ। ਕੇਵਲ ਇਕ ਕਾਲੰਜਰ ਸ਼ਹਿਰ ਵਿਚ ਹੀ 113 ਮੰਦਰ ਢਾਹ ਕੇ ਮਸਜਿਦਾਂ ਬਣਵਾ ਦਿੱਤੀਆਂ। ਹਜ਼ਾਰਾਂ ਹਿੰਦੂ ਕਤਲ ਕੀਤੇ ਤੇ ਗ਼ੁਲਾਮ ਬਣਾਏ। ਤਾਰੀਖ਼ ਫ਼ਰਿਸ਼ਤਾ ਅਨੁਸਾਰ ਫੀਰੋਜ਼ ਸ਼ਾਹ ਨੇ ਜਦੋਂ ਨਗਰਕੋਟ ਕਾਂਗੜਾ ਫਤਿਹ ਕੀਤਾ ਤਾਂ ਸਾਰੇ ਹਿੰਦੂਆਂ ਨੂੰ ਲੁੱਟ ਕੇ ਬੁੱਤਾਂ ਨੂੰ ਤੋੜ ਦਿੱਤਾ ਤੇ ਉਨ੍ਹਾਂ ਬੁੱਤਾਂ ਦੇ ਟੁਕੜਿਆਂ ਨੂੰ ਗਾਂ ਦੇ ਗੋਸ਼ਤ ਵਿਚ ਮੜ੍ਹ ਕੇ ਬ੍ਰਾਹਮਣਾਂ ਦੇ ਗਲ਼ਾਂ ਵਿਚ ਹਾਰ ਪਾਏ। ਤੇਰ੍ਹਾਂ ਹਜ਼ਾਰ ਹਿੰਦੂ ਬੁੱਤ-ਪੂਜਾਂ ਨੂੰ ਕੈਦ ਕਰ ਕੇ ਮੂੰਹ ਵਿਚ ਗਾਂ ਦਾ ਮਾਸ ਤੁੰਨ ਕੇ ਕਤਲ ਕੀਤਾ।"

ਗਿਆਸਦੀਨ ਨੇ ਰਾਣਾ ਮੱਲ ਭੱਟੀ ਦੀ ਧੀ ਨੂੰ ਜਬਰੀ ਮੁਸਲਮਾਨ ਬਣਾ ਕੇ ਉਸ ਨਾਲ ਨਿਕਾਹ ਪੜ੍ਹਾ ਕੇ ਆਪਣੇ ਹਰਮ ਵਿਚ ਸ਼ਾਮਲ ਕੀਤਾ। ਉਸ ਦੀ ਕੁੱਖ 'ਚੋਂ ਹੀ ਫੀਰੋਜ਼ ਸ਼ਾਹ ਪੈਦਾ ਹੋਇਆ ਸੀ। ਇਸੇ ਬਾਦਸ਼ਾਹ ਦੇ ਕਹਿਰ ਤੋਂ ਬਚਣ ਲਈ ਜੈਸਲਮੇਰ ਵਿਚ ਅੱਠ ਹਜ਼ਾਰ ਤੇ ਬਠਿੰਡੇ ਵਿਚ 24 ਹਜ਼ਾਰ ਇਸਤਰੀਆਂ ਆਪਣੀ ਪੱਤ ਬਚਾਉਣ ਲਈ ਜਿਊਂਦੀਆਂ ਹੀ ਸੜ ਮਰੀਆਂ ਸਨ। ਅਨੇਕਾਂ ਬੱਚਿਆ ਤੇ ਵੀਹ ਹਜ਼ਾਰ ਲੜਕੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਦੇਸ਼ ਭੇਜਿਆ। ਉਸ ਨੇ ਦੌਲਤਾਬਾਦ ਸ਼ਹਿਰ ਨੂੰ ਤਾਂ ਅਜਿਹਾ ਬਰਬਾਦ ਕੀਤਾ ਕਿ ਉਥੇ ਕੋਈ ਕੁੱਤਾ ਜਾਂ ਬਿੱਲੀ ਤਕ ਵੀ ਨਾ ਬਚੇ। ਅੰਨ੍ਹਿਆਂ





ਨੂੰ ਉਸ ਨੇ ਘੋੜਿਆਂ ਦੀਆਂ ਪੂਛਾਂ ਨਾਲ ਬੰਨ੍ਹ ਕੇ ਮਰਵਾਇਆ।

ਅਮੀਰ ਖੁਸਰੋ ਅਨੁਸਾਰ ਜਲਾਲੁਦੀਨ ਖਿਲਜੀ ਨੇ ਸਾਰੇ ਮਾਲਵੇ ਤੇ ਗੁਜਰਾਤ ਦੇ ਇਲਾਕੇ ਨੂੰ ਇੱਥੋਂ ਤਕ ਲੁੱਟਿਆ ਕਿ ਉਥੋਂ ਦੀ ਹਿੰਦੂ ਵੱਸੋਂ ਪਾਸ ਨੰਗੇਜ਼ ਢੱਕਣ ਵਾਲੇ ਕੱਪੜੇ ਤੇ ਮਿੱਟੀ ਦੇ ਭਾਂਡਿਆਂ ਤੋਂ ਬਿਨਾਂ ਕੁਝ ਵੀ ਨਾ ਰਿਹਾ। 20 ਹਜ਼ਾਰ ਬੱਚੇ, ਤੀਵੀਆਂ, ਮਰਦ ਤੇ ਲੜਕੀਆਂ ਉਸ ਨੇ ਅਪਣੇ ਸੈਨਿਕਾਂ ਵਿਚ ਇਨਾਮ ਵਜੋਂ ਵੰਡੀਆਂ। 14 ਹਜ਼ਾਰ ਹਿੰਦੂ ਰਿਸ਼ੀਆਂ ਦੇ ਸਿਰ ਵੱਢ ਕੇ ਕਿਲ੍ਹੇ ਦੀਆਂ ਕੰਧਾਂ ਉਤੇ ਰਖਵਾਏ ਤੇ ਹਰ ਇਕ ਉਤੇ ਦੀਵੇ ਜਗਾ ਕੇ ਰੋਸ਼ਨੀ ਕੀਤੀ ਤੇ ਪਿੱਛੋਂ ਯਮਨਾ ਨਦੀ ਵਿਚ ਸੁੱਟਵਾ ਦਿੱਤੇ। ਤੈਮੂਰ ਨੇ ਦਿਆਲਪੁਰ ਦੇ ਪੰਜ ਹਜ਼ਾਰ, ਅਯੁੱਧਿਆ ਦੇ 14 ਹਜ਼ਾਰ ਤੇ ਬਨਾਰਸ ਦੇ 20 ਹਜ਼ਾਰ ਬੁੱਤ-ਪੂਜ ਹਿੰਦੂ ਤੇ ਬ੍ਰਾਹਮਣਾਂ ਨੂੰ ਕਤਲ ਕੀਤਾ। ਉਨ੍ਹਾਂ ਦੇ ਬਾਲ-ਬੱਚੇ ਤੇ ਔਰਤਾਂ ਨੂੰ ਗ਼ੁਲਾਮ ਬਣਾ ਕੇ ਆਪਣੇ ਫੌਜੀਆਂ ਵਿਚ ਵੰਡ ਦਿੱਤਾ। ਅਕਬਰ ਬਾਦਸ਼ਾਹ ਉਦਾਰਵਾਦੀ ਸੀ ਤੇ ਚਾਹੁੰਦਾ ਸੀ ਕਿ ਹਿੰਦੂ ਤੇ ਮੁਸਲਮਾਨ ਮਿਲ ਕੇ ਰਹਿਣ, ਪਰ ਇਕ ਦੂਜੇ ਪ੍ਰਤੀ ਜੋ ਘਿਰਣਾ ਪੈਦਾ ਹੋ ਗਈ ਸੀ, ਉਹ ਖਤਮ ਨਾ ਹੋਈ। ਉਹ ਹਿੰਦੂ ਰਾਜਿਆਂ ਨਾਲ ਰਿਸ਼ਤੇ ਜੋੜਣ ਲਈ ਬਹੁਤ ਖਾਹਿਸ਼ਮੰਦ ਸੀ ਤੇ ਹਰ ਤਰ੍ਹਾਂ ਦੇ ਯਤਨ ਵੀ ਕਰਦਾ ਸੀ। ਉਸ ਦੇ ਵਾਰਸਾਂ ਨੇ ਵੀ ਉਸ ਦੀ ਇਸ ਨੀਤੀ ਨੂੰ ਜਾਰੀ ਰੱਖਿਆ। ਬਜਾਏ ਇਸ ਦੇ ਕਿ ਧਰਮ ਦੇ ਬਦਲਣ ਤੋਂ ਘਿਰਣਾ ਕੀਤੀ ਜਾਂਦੀ, ਹਿੰਦੂ ਰਾਜਿਆਂ ਅੰਦਰ ਬਾਦਸ਼ਾਹ ਨੂੰ ਜਵਾਈ ਬਣਾਉਣ ਦਾ ਸ਼ੌਂਕ ਤੇਜ਼ੀ ਨਾਲ ਵਧਿਆ ਤੇ ਉਸ ਲਈ ਉਹ ਦਿਲੀ ਇੱਛਾ ਕਰਨ ਲੱਗ ਪਏ ਸਨ। ਇਹ ਨੀਤੀ ਵੀ ਹਿੰਦੂਆਂ ਲਈ ਘਾਤਕ ਸਿੱਧ ਹੋਈ, ਕਿਉਂਕਿ ਕੋਈ ਵੀ ਹਿੰਦੂ ਰਾਜਾ ਮੁਸਲਮਾਨ ਲੜਕੀ ਵਿਆਹੁਣ ਨੂੰ ਤਿਆਰ ਨਹੀਂ ਸੀ।

ਇਹੋ ਜਿਹੀਆਂ ਹੋਰ ਵੀ ਅਨੇਕਾਂ ਉਦਾਹਰਨਾਂ ਇਤਿਹਾਸਿਕ ਹਵਾਲੇ ਦੇ ਕੇ ਦਿੱਤੀਆਂ ਜਾ ਸਕਦੀਆਂ ਹਨ, ਪਰ ਥੋੜੇ ਜਿਹੇ ਨਮੂਨੇ ਨਾਲ ਸਾਰੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। ਇਸ ਤੋਂ ਸਾਫ ਸਪਸ਼ਟ ਹੈ ਕਿ ਹਿੰਦੂ ਸਮਾਜ ਬਹੁਤ ਹੀ ਨਿਰਬਲ, ਸੱਤਿਆਹੀਣ ਤੇ ਨਿਆਸਰਾ ਹੋ ਚੁੱਕਾ ਸੀ। ਕਿਤੇ-ਕਿਤੇ ਟਾਵੀਂ ਕੋਈ ਰਾਜਪੂਤ ਹਕੂਮਤ ਸੀ, ਉਹ ਵੀ ਪਹਾੜ ਦੀਆਂ ਕੁੰਦਰਾਂ ਤੇ ਖੰਡਰਾਂ ਵਿਚ ਬਚੀ ਹੋਈ ਸੀ। ਉਸ ਦੇ ਪਿੱਛੇ ਵੀ ਇਸਲਾਮੀ ਟਿੱਡੀ ਦਲ ਫੌਜਾਂ ਹਰ ਸਮੇਂ ਜਹਾਦ ਲਈ ਤਿਆਰ ਰਹਿੰਦੀਆਂ ਸਨ।

ਅਜਿਹੇ ਬਿਖੜੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਉਨ੍ਹਾਂ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਸਿੱਧਾ-ਸਾਦਾ ਤੇ ਨੇਕ ਜੀਵਨ ਬਿਤਾਉਣ, ਹੱਥੀਂ ਕਿਰਤ ਕਰਨ, ਵੰਡ ਛਕਣ, ਇੱਕੋ ਪਰਮਾਤਮਾ ਉਤੇ ਅਟੁੱਟ ਵਿਸ਼ਵਾਸ ਤੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿਚ "ਉਨ੍ਹਾਂ ਇਹ ਕਾਰਜ ਐਸੀ ਜੁਗਤੀ ਨਾਲ ਅਰੰਭਿਆ ਤੇ ਨਿਭਾਇਆ, ਜੋ ਕੇਵਲ ਉਹੋ ਹੀ ਕਰ ਸਕਦੇ ਸਨ। ਇਹੋ ਕਾਰਨ ਹੈ ਕਿ ਮੁਸਲਮਾਨ ਵੀ ਅਜਿਹੇ ਦਲੇਰ ਵਿਅਕਤੀ ਦੇ ਖ਼ਿਲਾਫ਼ ਨਾ ਹੋਏ ਜੋ ਹਿੰਦੂਆਂ ਨੂੰ ਉਨ੍ਹਾਂ ਦੇ ਮੁਕਾਬਲੇ 'ਤੇ ਲਿਆਉਣ ਦੀ ਨੀਂਹ ਰੱਖ ਰਿਹਾ ਸੀ।" ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਤਰ੍ਹਾਂ ਦੋਨਾਂ ਧਰਮਾਂ ਦੇ ਲੋਕਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਜਾਰੀ ਰੱਖਿਆ।

ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਉਣ ਦੀ ਮੁਹਿੰਮ ਤੇਜ਼ ਹੋ ਗਈ। ਉਸ ਦੇ ਜ਼ੁਲਮ ਤਸ਼ੱਦਦ ਤੋਂ ਪ੍ਰੇਸ਼ਾਨ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਫਰਿਆਦ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਬਾਲਕ ਗੋਬਿੰਦ ਸਿੰਘ ਜੀ, ਜੋ ਕੇਵਲ 9 ਵਰ੍ਹਿਆਂ ਦੇ ਸਨ, ਦੇ 'ਆਖਣ' ਤੇ ਉਨ੍ਹਾਂ ਦੀ ਰੱਖਿਆ ਲਈ ਦਿੱਲੀ ਗਏ, ਜਿੱਥੇ ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗਰੀਬ, ਮਜ਼ਲੂਮ ਤੇ ਨਿਤਾਣਿਆਂ ਦੀ ਰੱਖਿਆ ਲਈ ਅਤੇ ਮੁਗ਼ਲ ਹਕੂਮਤ ਦੇ ਜ਼ੁਲਮ ਤਸ਼ੱਦਦ ਤੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਅਤੇ ਕੌਮ ਵਿਚ ਇਕ ਨਵੀਂ ਰੂਹ ਭਰ ਦਿੱਤੀ। ਗੁਰੂ ਜੀ ਦੇ ਖਾਲਸੇ ਨੇ ਇਤਿਹਾਸ ਦਾ ਰੁਖ਼ ਬਦਲ ਕੇ ਰੱਖ ਦਿੱਤਾ। ਇਸ ਮੁਹਿੰਮ ਵਿਚ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਲਾਲਾ ਦੌਲਤ ਰਾਏ ਦੇ ਆਪਣੇ ਸ਼ਬਦਾਂ ਅਨੁਸਾਰ, "ਔਰੰਗਜ਼ੇਬ ਦੇ ਸਮੇਂ ਤਕ ਹਿੰਦੂਆਂ ਤੇ ਹਿੰਦੁਸਤਾਨ ਦੀ ਅਜਿਹੀ ਦਸ਼ਾ ਹੋ ਗਈ ਸੀ ਕਿ ਸਾਰੇ ਭਾਰਤਵਰਸ਼ 'ਤੇ ਹੀ ਇਸਲਾਮੀ ਝੰਡਾ ਝੁੱਲਣ ਲੱਗ ਗਿਆ ਸੀ। ਲਹਿੰਦੇ ਪਾਸੇ ਗੁਜਰਾਤ ਤੇ ਦੁਆਰਕਾ ਤਕ ਇਸਲਾਮੀ ਹਕੂਮਤ ਕਾਇਮ ਹੋ ਚੁੱਕੀ ਸੀ। ਦੱਖਣ ਦੀਆਂ ਸਾਰੀਆਂ ਹਿੰਦੂ ਹਕੂਮਤਾਂ ਬਰਬਾਦ ਹੋ ਕੇ ਅਪਣੀ ਹੋਂਦ ਹੀ ਖਤਮ ਕਰ ਰਹੀਆਂ ਸਨ। ਰਾਮੇਸ਼ਵਰਮ ਵਿਚ ਮਸਜਿਦਾਂ ਉਸਰ ਚੁੱਕੀਆਂ ਸਨ, ਜਿੱਥੋਂ 'ਅੱਲ੍ਹਾ ਹੂ ਅਕਬਰ' ਦੀਆਂ ਉਚੀਆਂ-ਉਚੀਆਂ ਬਾਂਗਾਂ ਸੁਣਾਈ ਦੇ ਰਹੀਆਂ ਸਨ। ਚੜ੍ਹਦੇ ਵਿਚ ਉੜੀਸਾ ਤੇ ਬੰਗਾਲ ਢੇਰ ਸਮੇਂ ਤੋਂ ਇਸਲਾਮ ਦੇ ਜ਼ੋਰ ਤੇ ਜ਼ੁਲਮ ਦੇ ਅਭਿਆਸ ਦਾ ਖੇਤਰ ਬਣਿਆ ਹੋਇਆ ਸੀ। ਉਤਰ ਵਿਚ ਵੀ ਪਹਾੜਾਂ ਵਿਚ ਹਿੰਦੂ ਰਾਜਿਆਂ ਦੀ ਹਕੂਮਤ ਦਾ ਭੋਗ ਪੈ ਚੁੱਕਾ ਸੀ ਅਤੇ ਉਹ ਸਾਰੇ ਅਧੀਨ ਹੋ ਗਏ ਸਨ। ਕਸ਼ਮੀਰ ਵਿਚ ਇਸਲਾਮੀ ਝੰਡਾ ਲਹਿਰਾ ਰਿਹਾ ਸੀ। ਪਰ ਫਿਰ ਵੀ ਇਨ੍ਹਾਂ ਜਿੱਤਾਂ ਤੇ ਤਾਕਤੀ ਪਸਾਰੇ ਦੇ ਬਾਵਜੂਦ ਮੁਲਕ ਵਿਚ ਚੈਨ ਨਹੀਂ ਸੀ।"

ਉਹ ਅੱਗੇ ਲਿਖਦੇ ਹਨ, "ਜੋ ਕੁਝ ਪਹਿਲਾਂ ਵਾਪਰ ਚੁੱਕਾ ਸੀ, ਉਸ ਨੂੰ

ਭੁਲਾ ਕੇ ਜੇ ਇਕੱਲੇ ਔਰੰਗਜ਼ੇਬ ਦੀਆਂ ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੁਸਤਾਨ ਦੀ ਧਰਤੀ ਤੋਂ ਉਸੇ ਤਰ੍ਹਾਂ ਹੀ ਮਿਟ ਜਾਦਾ ਜਿਵੇਂ ਕੁਰੈਸ਼ੀਆਂ ਦਾ ਅਰਬ ਵਿਚ ਮੇਟਿਆ ਗਿਆ ਸੀ, ਜਾਂ ਫਿਰ ਉਹੀ ਹਾਲ ਹੁੰਦਾ ਜਿਵੇਂ ਇਰਾਨ, ਤੁਰਕਿਸਤਾਨ, ਅਫ਼ਗਾਨਿਸਤਾਨ ਤੇ ਬਲੋਚਿਸਤਾਨ ਦੇ ਵਸਨੀਕ ਆਪਣੇ ਵੱਡੇ ਵਡੇਰਿਆਂ ਦੇ ਧਰਮ ਨੂੰ ਤਿਲਾਂਜਲੀ ਦੇ ਚੁੱਕੇ ਸਨ। ਇੱਥੇ ਵੀ ਸਾਰੇ ਹੀ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅੱਗੇ ਸਿਰ ਨੀਵਾਂ ਕਰ ਕੇ ਆਪਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ ਕਿਉਂਕਿ ਹਿੰਦੂਆਂ ਵਿਚ ਹੁਣ ਇਸਲਾਮੀ ਜਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਤੇ ਨਾ ਹੀ ਤਾਕਤ, ਨਾ ਹੀ ਹੌਂਸਲਾ ਸੀ ਤੇ ਨਾ ਹੀ ਸੂਝ, ਨਾ ਹੀ ਧਰਮ ਦਾ ਬਲ ਤੇ ਨਾ ਹੀ ਧਨ-ਬਲ ਸੀ।"

ਫਿਰ ਐਸੀ ਨਿਰਾਸ਼ਤਾ ਵਿਚ ਅਚਨਚੇਤ ਇਕ ਮੂਰਤ ਪ੍ਰਗਟ ਹੋਈ। ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੁਫ਼ਾਨ ਵਿੱਚੋਂ ਕੱਢਿਆ ਹੀ ਨਹੀਂ, ਸਗੋਂ ਕੰਢੇ 'ਤੇ ਲਿਆ ਖੜ੍ਹਾ ਕੀਤਾ। ਹਿੰਦੂ ਧਰਮ ਦੇ ਸੁੱਕ ਚੁੱਕੇ ਤੇ ਕੁਮਲਾ ਗਏ ਬਾਗ਼ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ? ਹਾਂ ਉਹ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ। ਜਿਸ ਬੂਟੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਤੇ ਰੱਤ ਪਾ ਕੇ ਪਾਲਿਆ ਪੋਸਿਆ ਤੇ, ਉਸੇ ਦੀ ਸੇਵਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫੁੱਲ ਲੱਗ ਗਏ। ਉਹ ਫੁੱਲ ਕੀ ਸਨ? ਉਹ ਸਨ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ ਪਿਆਰ ਦੇ ਫੁੱਲ। ਇਹ ਇਕ ਐਸਾ ਫਲ ਸੀ ਕਿ ਜਿਸ ਦਾ ਫੁੱਲ ਅਕਾਲ-ਪੁਰਖ ਦੀ ਪੂਜਾ ਸੀ, ਜਿਸ ਦੇ ਗੁੱਦੇ ਵਿਚ ਕੌਮੀ ਪਿਆਰ ਸੀ ਤੇ ਜਿਸ ਦਾ ਛਿਲਕਾ ਸੀ ਦੇਸ਼-ਪਿਆਰ। ਜਿਸ ਦੀ ਗਿਟਕ ਸੀ ਭਗਤੀ-ਭਾਵ, ਜਿਸ ਦਾ ਮਿੱਠਾ ਰਸ ਸੀ ਕੌਮੀਅਤ।"

ਉਹ ਅੱਗੇ ਲਿਖਦੇ ਹਨ ਕਿ ਕਿਸੇ ਕਵੀ ਨੇ ਠੀਕ ਆਖਿਆ ਹੈ:-

**ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ ਬਾਤ ਕਹੂੰ ਜਬ ਕੀ**

**ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਇਸਲਾਮੀ ਹਮਲਾਵਰਾਂ ਤੇ ਹੁਕਮਰਾਨਾਂ ਨੇ ਸਾਰਾ ਹਿੰਦੁਸਤਾਨ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਲੈਣਾ ਸੀ ਜਿਵੇ ਉਨ੍ਹਾਂ ਨੇ ਪਹਿਲਾਂ ਇਰਾਨ, ਅਫ਼ਗਾਨਿਸਤਾਨ ਆਦਿ ਕਈ ਦੇਸ਼ਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਲਾਮੀ ਦੇਸ਼ ਬਣਾ ਲਿਆ ਸੀ। ਫਿਰ ਭਾਵੇਂ ਇਸ ਦਾ ਨਾਂ ਹਿੰਦੁਸਤਾਨ ਹੀ ਰਹਿੰਦਾ, ਪਰ ਇਕ ਇਸਲਾਮੀ ਦੇਸ਼ ਹੋਣਾ ਸੀ, ਭਾਵ ਅੱਜ ਵਾਲਾ ਸਾਰਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਭਾਰਤੀ ਉਪ-ਮਹਾਂਦੀਪ ਇੱਕੋ ਇਸਲਾਮੀ ਦੇਸ਼ ਹੋਣਾ ਸੀ। ਕੀ ਭਾਰਤ ਵਾਸੀ ਹਿੰਦੂ ਧਰਮ ਦੀ ਰੱਖਿਆ ਅਤੇ ਇਸ ਦੇਸ਼ ਦਾ ਬਹੁ-ਧਰਮੀ ਚਰਿੱਤਰ (ਜਿਸ ਕਾਰਨ ਅੱਜ ਇਹ ਇਕ ਅਖੌਤੀ ਧਰਮ-ਨਿਰਪੱਖ ਦੇਸ਼ ਅਖਵਾਉਂਦਾ ਹੈ) ਤੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬਚਾਉਣ ਵਾਸਤੇ ਗੁਰੂ ਸਾਹਿਬਾਨ ਅਤੇ ਪਿੱਛੋਂ ਉਨ੍ਹਾਂ ਦੇ ਬਹਾਦਰ ਯੋਧੇ ਸਿੰਘਾਂ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਕਰ ਸਕਦੇ ਹਨ।


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

# ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਖਿਦਰਾਣੇ ਦੀ ਢਾਬ ਤੋਂ ਮੁਕਤਸਰ

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181





ਮੁਕਤਸਰ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰਾਂ ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ ਜੋ ਸਾਲ ਭਰ ਦੂਰ-ਦੁਰਾਡੇ ਤੱਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ, ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਕਾਫੀ ਇਲਾਕੇ ਵਿਚ ਜਾਣਿਆ-ਪਛਾਣਿਆ ਥਾਂ ਸੀ। ਫਿਰ ਇਸ ਅਸਥਾਨ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੁਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਦੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਧਰਤੀ-ਪਾਵਨ ਹੋ ਕੇ ਮੁਕਤਸਰ ਅਖਵਾਈ। ਹੁਣ ਲੋਕ ਇਸ ਧਰਤੀ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ ਮੁਕਤਸਰ ਕਿਵੇਂ ਬਣੀ ? ਇਤਿਹਾਸਕ ਵਾਕਿਆ ਇਉਂ ਹੈ-

੧੭੦੧ ਈ. ਤਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂੰ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫੌਜੀ ਮੱਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮੱਦਦ ਲਈ ਸਰਹਿੰਦ - ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ-ਲਾਹੌਰ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਆਨੰਦਪੁਰ ਸਾਹਿਬ ਨੂੰ ਚੁਫੇਰੇ ਤੋ ਘੇਰਾ ਪਾ ਲਿਆ। ਕਿਉਂਕਿ ਦਸਮੇਸ਼ ਪਿਤਾ ਦੇ ਸੂਰਮੇ ਬਹਾਦਰ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ ਜੰਗ ਵਿਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ, ਉਨ੍ਹਾਂ ਆਹਮੋ-ਸਾਹਮਣੇ ਲੜਾਈ ਨਾਲੋਂ ਘੇਰਾ ਬੰਦੀ ਤੇ ਜ਼ਿਆਦਾ ਜ਼ੋਰ ਦਿੱਤਾ।

੧੭੦੪ ਈ. ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖਾਲਸਾ ਫੌਜਾਂ ਹਮਲਾ ਕਰਕੇ ਦੁਸਮਣਾ ਦਾ ਜਾਨੀ ਨੁਕਸਾਨ ਕਰਦੀਆਂ ਰਸਦਾਂ ਦੀ ਲੁੱਟ-ਮਾਰ ਕਰ ਲੈਂਦੀਆਂ। ਖਾਲਸਾ ਫੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਹੌਸਲੇ ਪਸਤ ਹੋ ਚੁਕੇ ਸਨ। ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾ ਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਪਾਲਤੂ-ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਬਾਰ ਬਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।

ਗੁਰੂ ਜੀ ਨੇ ਪੰਚ ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖਾਲਸੇ ਵਿਚ ਇਤਨਾ ਆਤਮ ਵਿਸ਼ਵਾਸ਼, ਜੁਰਅਤ ਭਰ ਦਿੱਤੀ ਸੀ ਕਿ ਖਾਲਸਾ ਸਮੇਂ ਸਮੇਂ ਗੁਰੂ ਜੀ ਨੂੰ ਨਿਝਕ ਹੋ ਸਲਾਹ, ਸੁਝਾਅ ਤੇ ਰਾਇ ਦੇ ਸਕਦਾ ਸੀ। ਕੁਝ ਸਿੰਘਾਂ ਸਲਾਹ ਦਿੱਤੀ ਕਿਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ ਤਰੀਕੇ ਅਲੱਗ ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ 'ਇੰਤਜ਼ਾਰ ਕਰੋ ਤੇ ਦੇਖੋ' ਦੀ ਪਾਲਸੀ 'ਤੇ ਚੱਲਣ ਲਈ ਕਿਹਾ। ਪਰ ਕੁਝ ਸਿੰਘ ਇਸ ਬਿਖੜੇ ਸਮੇਂ ਭੁਲੇਖੇ ਦਾ ਸ਼ਿਕਾਰ ਹੋ ਗਏ। ਮੁਸ਼ਕਲ ਦੀ ਘੜੀ ਮਨਮੁਖ ਬਣ ਗੁਰੂ ਜੀ ਦਾ ਸਾਥ ਛੱਡਣ ਲੱਗੇ। ਗੁਰਦੇਵ ਸਮਰੱਥ ਸਨ ਜੇਕਰ ਉਹ ਚਾਹੁੰਦੇ ਤਾਂ ਉਸ ਸਮੇਂ ਹੀ ਉਨ੍ਹਾਂ ਦਾ ਭੁਲੇਖਾ ਦੂਰ ਕਰ ਸਕਦੇ ਸਨ। ਪਰ ਗੁਰਦੇਵ ਜੀ ਨੇ ਖਾਲਸੇ ਨੂੰ ਸਰਬ-ਗੁਣ ਸੰਪਨ ਬਣਾਉਣਾ ਸੀ। ਭੁੱਲੇ ਨੂੰ ਭੁੱਲ ਦਾ, ਅਹਿਸਾਸ ਕਰਵਾ ਮਾਰਗ 'ਤੇ ਪਾਉਣਾ ਸੀ। ਇਕ ਨਵੀਂ ਮਿਸਾਲ ਬਣਨਾ ਸੀ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਹਰਮਾਨਵ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ।

ਪੇਟ ਦੀ ਭੁੱਖ ਜੋ ਮਨੁੱਖ ਨੂੰ ਨੀਚ ਤੋਂ ਨੀਚ ਕਰਮ ਕਰਨ ਲਈ ਕਈ ਵਾਰ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉੱਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ ੪੦ ਦੱਸੀ ਗਈ ਹੈ) ਗੁਰੂ ਤੋਂ ਬੇਮੁਖ ਹੋ ਆਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ



ਲਿਆ। ਗੁਰੂ ਜੀ ਦੇ ਸਨਮੁੱਖ ਪੇਸ਼ ਹੋ ਇਨ੍ਹਾਂ ਸਿੰਘਾਂ ਨੇ ਬੇਨਤੀ ਕੀਤੀ : ਗੁਰਦੇਵ ਅਸੀਂ ਜਾਣਾ ਚਾਹੁੰਦੇ ਹਾਂ।

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ- ਲਿਖ ਕੇ ਦੇ ਜਾਓ। ਸਿੰਘਾਂ ਲਿਖ ਕੇ ਦੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਇਨ੍ਹਾਂ ਸਿੰਘਾਂ ਨੇ ਆਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਿਉਂ ਜਿਉਂ ਇਹ ਆਨੰਦਪੁਰ ਤੋਂ ਦੂਰ ਹੋਏ, ਇਨ੍ਹਾਂ ਨੂੰ ਗੁਰੂ -ਵਿਛੋੜੇ ਦੀ ਪੀੜਾ ਤੰਗ ਕਰਨ ਲੱਗੀ। ਕਈ ਵਾਰ ਪਿਆਰ ਦਾ ਅਹਿਸਾਸ ਵਿਛੋੜੇ ਵਿਚ ਹੀ ਹੁੰਦਾ ਹੈ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁਕੇ ਸਨ। ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖ਼ਤਾਂ ਹੇਠ ਬਾਦਸ਼ਾਹ ਵੱਲ ਪਰਵਾਨਾ ਭੇਜਿਆ ਕਿ 'ਜੇਕਰ ਗੁਰੂ ਜੀ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ' ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਲਾਹ ਮਸ਼ਵਰੇ ਪਿੱਛੋਂ ਆਨੰਦਪੁਰ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫੌਜਾਂ ਨੇ ਇਕਰਾਰ ਤਹਿਤ ਦਰਿਆ ਸਤਲੁਜ ਦੇ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਗੁਰਦੇਵ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਅਨੰਦਮਈ ਧਰਤ ਨੂੰ ਹਮੇਸ਼ਾ ਹਮੇਸ਼ਾ ਲਈ ਛੱਡ ਦਿੱਤਾ। ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਦੀ ਹੀ ਦੇਰ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਜਿਥੇ ਵਿਸ਼ਵ ਦਾ ਅਨੋਖਾ ਸਭ ਤੋਂ ਅਸਾਵਾਂ ਯੁੱਧ ਹੋਇਆ। ਚਮਕੌਰ ਦੀ ਗੜ੍ਹੀ ਵਿਚ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤਰ ਪਿਆਰੇਨੂੰ ਹਾਲ ਮੁਰੀਦਾਂ' ਦਾ ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਗਰਮੀ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ ਪਿੱਛੇ ਆ ਰਿਹਾ ਸੀ। ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਦੇਖੋ ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਦੀ ਅਗਵਾਈ ਵਿਚ ਲੜ ਰਹੇ ਸਨ ਜੋ ਗੁਰਦੇਵ ਜੀ ਤੋਂ ਬੇਮੁਖ ਹੋ ਆਨੰਦਪੁਰ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ ਤੱਤੇ ਵਿਚ ਜੂਝਦਿਆਂ ਤਕ ਖੁਸ਼ ਹੋ ਰਹੇ ਸਨ। ਸਮੇਂ ਸਮੇਂ ਗੁਰਦੇਵ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਵਰਖਾ ਕਰਦੇ। ਦੁਸ਼ਮਣ ਫੌਜ ਅਣਗਿਣਤ ਤੇ ਸਿੰਘ ਗਿਣਤੀ ਦੇ ਪਰ ਇਕ ਪਾਸੇ ਗੁਰੂ ਪ੍ਰੀਤੀ ਤੇ ਦੂਸਰੇ ਪਾਸੇ ਮੁਲਾਜ਼ਮਤ। ਦਿਨ ਗਰਮੀ ਦੇ, ਪਾਣੀ ਦਾ ਕਬਜ਼ਾ ਸਿੰਘਾ ਦੇ ਹੱਥ, ਇਹ ਸਭ ਕਾਰਨ ਸਨ ਦੁਸ਼ਮਣ ਫੌਜਾਂ ਦੀ ਹਾਰ ਦੇ। ਮੈਦਾਨ ਖਾਲਸੇ ਨੇ ਫਤਹਿ ਕੀਤਾ।

ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ ਜੰਗ ਵਿਚ ਆਏ। ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਦੇਹ ਦੇ ਪਾਸ ਜਾਂਦੇ ਤੇ ਸਿੰਘਾ ਦੇ ਮੁਖੜੇ ਸਾਫ ਕਰਦੇ ਅਤੇ ਬਖਸ਼ਿਸ਼ਾਂ ਕਰਦੇ : ਇਹ ਮੇਰਾ ਪੰਜ ਹਜ਼ਾਰੀ-ਇਹ ਮੇਰਾ ਦਸ ਹਜ਼ਾਰੀ-ਇਹ ਮੇਰਾ ਤੀਹ ਹਜ਼ਾਰੀ। ਬਖਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਪਹੁੰਚੇ ਭਾਈ ਮਹਾਂ ਸਿੰਘ ਦੇ ਪਾਸ, ਭਾਈ ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਮੁਖੜਾ ਸਾਫ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਸੀਸ ਗੋਦ ਵਿਚ ਰੱਖਿਆ ਤੇ ਕਿਹਾ ਕਿ ਮੁਕਤਿ ਭੁਗਤਿ ਜੁਗਤਿ ਸਭ ਹਾਜ਼ਰ ਹੈ... ਮੰਗ ਭਾਈ ਮਹਾਂ ਸਿੰਘ। ਜੋ ਚਾਹੁੰਦਾ ਹੈਂ?

ਭਾਈ ਮਹਾਂ ਸਿੰਘ ਗਿੜਗਿੜਾਇਆ, ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿਕ ਸੀ, ਪੂਰੀ ਹੋ ਗਈ-

ਨਹੀਂ, ਪਿਆਰੇ ਮਹਾਂ ਸਿੰਘ ਕੁਝ ਹੋਰ- !

ਗੁਰਦੇਵ ਪਿਤਾ ਜੇ ਤੁਠੇ ਹੋ ਕਿਰਪਾ ਨਿਧਾਨ ਤਾਂ ਸਾਡੀ ਟੁੱਟੀ ਮੇਲ ਲਵੋ-ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਦੇ ਆਏ ਸਾਂ- !

ਧੰਨ ਹਨ ਗੁਰਦੇਵ ਪਿਤਾ ਜਿਨ੍ਹਾਂ ਇਤਨੇ ਬਿਖੜੇ ਸਮੇਂ ਵੀ ਉਹ ਕਾਗਜ਼ ਦਾ ਟੁਕੜਾ ਕਿਧਰੇ ਗੁੰਮ ਨਹੀਂ ਹੋਣ ਦਿੱਤਾ। ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ ਟੁਕੜੇ-ਟੁਕੜੇ ਕਰ ਦਿੱਤਾ।

ਭਾਈ ਮਹਾਂ ਸਿੰਘ ਨੇ ਭੁੱਲਾਂ ਭਖਸ਼ਾਂ ਸ਼ੁਕਰੀਆਂ ਅੰਦਾਜ਼ ਵਿਚ ਹੱਥ ਉੱਪਰ ਚੁੱਕੇ ਤੇ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸੰਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਬੇਦਾਵੀਏ ਸਿੰਘ ਮੁਕਤ ਹੋਏ ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

ਆਓ! ਅਸੀਂ ਵੀ ਸਭ ਗੁਰੂ ਵੱਲ ਮੁਖ ਕਰੀਏ, ਗੁਰਮਤਿ ਸਿਧਾਂਤਾਂ ਅਨੁਸਾਰ ਜੀਵਨ ਜੀਵੀਏ। ਕਰਮਕਾਂਡਾਂ, ਮੜ੍ਹੀਆਂ-ਮਸਾਣਾਂ ਨੂੰ ਮੰਨਣਾ, ਸਖ਼ਸ਼ੀ ਪੂਜਾ ਕਰਨੀ ਵੀ ਤਾਂ ਗੁਰੂ ਤੋਂ ਬੇਮੁਖ ਹੋ ਬੇਦਾਵੀਏ ਬਣਨ ਵਾਲੀ ਗੱਲ ਹੈ! ਆਓ! ਸਭ ਗੁਰੂ ਚਰਨਾਂ 'ਚ ਅਰਦਾਸ ਕਰੀਏ, ਗੁਰਦੇਵ ਸਾਨੂੰ ਗੁਰਮਤਿ ਮਾਰਗ 'ਤੇ ਚੱਲਣ ਦਾ ਬਲ ਉਤਸ਼ਾਹ ਬਖਸ਼ਿਸ਼ ਕਰਨ ਤਾਂ ਜੋ ਅਸੀਂ ਸਤਿਗੁਰੂ ਦੀ ਗੋਦ ਦਾ ਨਿੱਘ ਮਾਣ ਸਕੀਏ!

# ਲੋਹੜੀ ਖੁਸ਼ੀਆਂ ਦਾ ਤਿਉਹਾਰ



ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਮਨੁੱਖ ਨੇ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆਂ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ। ਮਨੁੱਖ ਦੀ ਜ਼ਿੰਦਗੀ ਵਿਚ ਖੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਨੇ ਮੇਲੇ ਤੇ ਤਿਉਹਾਰ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜ੍ਹੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ ਜਿਸ ਘਰ ਵਿਚ ਲੜਕਾ ਹੋ ਜੰਮਿਆਂ ਹੋਵੇ ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਨ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ, ਭੁੱਜੇ ਦਾਣੇ, ਗੁੜ, ਫੁੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਦੀ ਹੈ। ਦਹੀ ਦੇ ਨਾਲ ਇਸਦਾ ਆਪਣਾ ਹੀ ਸੁਆਦ ਹੁੰਦਾ ਹੈ। ਜਿਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕੱਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਅੱਜ ਕੱਲ੍ਹ ਲੜਕੀਆਂ ਦੇ ਜੰਮਨ ਦੀ ਖੁਸ਼ੀ ਵੀ ਓਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉੱਨਤ ਪਰਿਵਾਰਾਂ ਵਿਚ ਲੜਕੀਆਂ ਦੀ ਵੀ ਲੋਹੜੀ ਪਾਈ ਜਾਂਦੀ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ 'ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸਨੂੰ ਗਹਿਣੇ ਅਤੇ ਖਾਸ ਕਰਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁੱਭ ਸ਼ਗਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜ਼ਾਰਾਂ ਆਦਿ ਵਿਚ ਲੰਬੀਆਂ ਲਕੜਾ ਦੇ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗਨੀ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ-ਚੁਫੇਰੇ ਪਸਰੀ ਠੰਢ ਅਤੇ ਰੂੰ ਵਾਂਗ ਫੈਲੀ ਧੁੰਦ ਵਿਚ ਸੇਕ ਦਾ ਆਪਣਾ ਹੀ ਆਨੰਦ ਹੁੰਦਾ ਹੈ। ਇਸ ਅਗਨੀ ਵਿਚ ਤਿਲ ਆਦਿ ਸੁੱਟਦੇ ਹਨ। ਘਰਾਂ ਵਿੱਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਅਣਖੀ ਸੂਰਮਾ ਹੋਇਆ ਹੈ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰ ਮੁੰਦਰੀਏ ਹੋ ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ, ਹੋ ਦੁੱਲੇ ਨੇ ਧੀ ਵਿਆਹੀ ਹੋ, ਸ਼ੇਰ ਸ਼ੱਕਰ ਪਾਈ ਹੋ, ਕੁੜੀ ਦੇ ਬੋਝੇ ਪਾਈ, ਹੋ ਕੁੜੀ ਦਾ ਲਾਲ ਪਟਾਕਾ ਹੋ, ਕੁੜੀ ਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੂਰੀ ਕੁੱਟੀ ਹੈ, ਜ਼ਿਮੀਦਾਰਾਂ ਲੁਟੀ, ਹੋ ਜ਼ਿਮੀਦਾਰ ਸਦਾਓ ਹੋ, ਗਿਣ-ਗਿਣ ਪੋਲੇ ਲਾਉ, ਇਕ ਪੋਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈ ਕੇ ਨਸ ਗਿਆ, ਹੋ, ਹੋ, ਹੋ, ਹੋ, ਹੋ, ਹੋ, ਹੋ।

ਲੜਕੇ-ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹਨ।

ਲੋਹੜੀ ਤੇ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਹੀ ਕੀਤੇ ਜਾਂਦੇ ਹਨ। ਇਸੇ ਮਹੀਨੇ ਮਾਘੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੁੰਮ-ਧਾਮ ਨਾਲ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਪਰੋ ਕੇ ਰੱਖੇ। ਜਿਸ ਤੋਂ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

# ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਕਰਨਲ**
**ਗੁਰਦੀਪ ਸਿੰਘ (ਰਿਟਾ.)**
**ਵਾਇਸ ਪ੍ਰਧਾਨ**
**ਹੈ.ਕੁ.**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਦਸੰਬਰ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਦਸੰਬਰ ਮਹੀਨੇ ਦੀ ਕੁੱਲ ਆਮਦਨ- 4,90,150.96/-ਰੁਪਏ

ਦਸੰਬਰ ਮਹੀਨੇ ਦਾ ਕੁੱਲ ਖਰਚਾ - 2,57,826.00/-ਰੁਪਏ

2. **ਦਸੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 15.12.2024 ਨੂੰ ਬੜੇ ਹੀ ਸ਼ਰਧਾ ਅਤੇ ਪ੍ਰੇਮ ਭਾਵ ਨਾਲ ਮਨਾਈ ਗਈ। ਇਸ ਸੰਗਰਾਂਦ ਦੀ ਸੇਵਾ ਫ਼ਾਊਂਡੇਸ਼ਨ ਵਲੋਂ ਕੀਤੀ ਗਈ। ਦਸੰਬਰ ਮਹੀਨੇ ਦੀ ਸੰਗਰਾਂਦ ਦੇ ਮੌਕੇ ਤੇ ਕੀਰਤਨੀ ਜੱਥੇ ਨੇ ਰੱਸਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਤਕਰੀਬਨ 30-35 ਦੀ ਗਿਣਤੀ ਵਿਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ।

3. **ਨਵੇਂ ਸਾਲ ਦੀਆਂ ਸ਼ੁੱਭ ਇੱਛਾਵਾਂ** - ਪ੍ਰਧਾਨ ਅਤੇ ਸਮੂਹ ਮੈਨੇਜਮੈਂਟ, ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਵਲੋਂ ਸਾਰੇ ਮੈਂਬਰਾਂ ਨੂੰ ਸ਼ੁੱਭ ਇੱਛਾਵਾਂ ਅਲੱਗ-ਅਲੱਗ ਗਰੁੱਪਾਂ ਵਿੱਚ ਭੇਜੀਆਂ ਗਈਆਂ। ਉਹਨਾਂ ਲਈ ਇਹ ਸਾਲ ਚੜ੍ਹਦੀ ਕਲਾ ਅਤੇ ਖੁਸ਼ੀਆਂ ਨਾਲ ਭਰਿਆ ਹੋਵੇ।

4. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦਾ ਕੰਮ ਡਾ. ਅਕਸ਼ੇ ਠਾਕੁਰ (**M.D.S.**) ਚੰਗੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਵੱਡੀ ਗਿਣਤੀ ਦੇ ਮਰੀਜ਼ ਡੈਂਟਲ ਦੀਆਂ ਸੇਵਾਵਾਂ ਦਾ ਲਾਭ ਲੈ ਰਹੇ ਹਨ।

5. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਦੇ ਮੁੱਖ ਉਦੇਸ਼ਾਂ ਨੂੰ ਸੰਵਿਧਾਨ ਦੇ ਮੁਕਾਬਿਕ ਹਾਸਲ ਕਰਨ ਲਈ ਅਤੇ ਪੜ੍ਹਾਈ ਵਿਚ ਮੈਰਿਟ ਵਿਚ ਆਉਣ ਵਾਲੇ ਬੱਚਿਆਂ ਲਈ ਇਕ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਕਮੇਟੀ ਦਾ ਗਠਨ ਕੀਤਾ ਗਿਆ ਜਿਸਦੇ ਕਨਵੀਨਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) ਨੂੰ ਬਣਾਇਆ ਗਿਆ। ਇਸ ਸਕਾਲਰਸ਼ਿਪ ਵਾਸਤੇ ਇਕ ਅਰਜੀ ਫ਼ਾਰਮ ਤਿਆਰ ਕੀਤਾ ਗਿਆ ਹੈ ਅਤੇ ਪ੍ਰਧਾਨ ਜੀ ਦੇ ਆਦੇਸ਼ਾਂ ਮੁਤਾਬਿਕ ਇਹ ਫ਼ਾਰਮ ਕਾਰਜਕਾਰੀ ਕਮੇਟੀ, ਵਰਕਿੰਗ ਕਮੇਟੀ ਅਤੇ ਹੋਰ ਵੀ ਗਰੁੱਪਾਂ ਦੇ ਮੈਂਬਰਾਂ ਨੂੰ ਭੇਜਿਆ ਗਿਆ ਅਤੇ ਲੁਬਾਣਾ ਸੇਵਕ ਮੈਗਜ਼ੀਨ ਵਿਚ ਵੀ ਛਾਪਿਆ ਜਾ ਰਿਹਾ ਹੈ। ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਕੀਮਾਂ ਦਾ ਫ਼ਾਇਦਾ ਲੈਣ ਲਈ ਲੋੜਵੰਦ ਬੱਚਿਆਂ ਦੇ ਨਾਮ ਪੂਰੇ ਦਸਤਾਵੇਜਾਂ ਦੇ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਨੂੰ 15 ਫ਼ਰਵਰੀ 2025 ਤੱਕ ਭੇਜਣ ਤਾਂਕਿ ਇਹ ਕਮੇਟੀ ਆਪਣਾ ਕੰਮ ਜਲਦੀ ਤੋਂ ਜਲਦੀ ਸ਼ੁਰੂ ਕਰ ਸਕੇ।

**6. ਜ਼ੋਨਲ ਪਲਾਨ ਵਿਚ ਸੁਧਾਰ** - ਬ.ਮ.ਸ.ਲ. ਫ਼ਾਉਂਡੇਸ਼ਨ (ਰਜਿ.) ਚੰਡੀਗੜ੍ਹ ਦੀ ਮੈਨੇਜਮੈਂਟ ਵਲੋਂ ਭਾਈ ਲੱਖੀ ਸ਼ਾਹ ਬਲਾਕ ਦੀ ਫ਼ਿਰ ਤੋ ਉਸਾਰੀ ਸ਼ੁਰੂ ਕਰਨ ਵਾਸਤੇ ਨਵੇਂ ਰਿਵਾਇਜ਼ਡ ਬਿਲਡਿੰਗ ਪਲਾਨ **U.T.** ਬਿਲਡਿੰਗ ਬਰਾਂਚ ਨੂੰ 4 ਮਹੀਨੇ ਪਹਿਲਾਂ ਭੇਜੇ ਸਨ ਜੋ ਕਿ ਉਹਨਾਂ ਨੇ ਇਹ ਕਹਿ ਕੇ ਵਾਪਸ ਕਰ ਦਿੱਤੇ ਕਿ ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ ਦੀ ਅਲਾਟਮੈਂਟ ਅਤੇ ਜ਼ੋਨਲ ਪਲਾਨ ਦੇ ਏਰੀਆ ਵਿਚ ਤਕਰੀਬਨ 14.6 ਵਰਗ ਗਜ ਦਾ ਫ਼ਰਕ ਹੈ। ਬ.ਮ.ਸ.ਲ. ਫ਼ਾਉਂਡੇਸ਼ਨ , ਚੰਡੀਗੜ੍ਹ ਦਾ **U.T.** ਸਰਕਾਰ ਵਲੋਂ ਅਸਟੇਟ ਆਫ਼ਿਸ ਦਾ ਇਹ ਅਲਾਟਮੈਂਟ ਪੱਤਰ 1978 ਵਿਚ ਸਾਇਨ ਕੀਤਾ ਗਿਆ ਸੀ ਅਤੇ ਇਹ ਤਕਰੀਬਨ 46 ਸਾਲ ਤੋਂ ਵੀ ਜ਼ਿਆਦਾ ਪੁਰਾਣਾ ਕੇਸ ਹੈ। ਮੌਜੂਦਾ ਮੈਨੇਜਮੈਂਟ ਵੱਲੋਂ ਇਸ ਸਬੰਧੀ ਸਾਰਾ ਕੇਸ ਤਿਆਰ ਕਰਕੇ ਜਵਾਬ ਦੇ ਦਿੱਤਾ ਗਿਆ ਸੀ ਅਤੇ ਇਸ ਕੰਮ ਲਈ ਵਿਸ਼ੇਸ਼ ਕਰਕੇ ਕਰਨਲ ਗੁਰਦੀਪ ਸਿੰਘ (ਰਿਟਾ.) ਵਾਈਸ ਪ੍ਰੈਜ਼ੀਡੈਂਟ ਹੈੱਡ ਕੁਆਰਟਰ ਨੂੰ ਜ਼ਿੰਮੇਵਾਰੀ ਸੌਂਪੀ ਗਈ ਕਿ ਉਹ ਸਬੰਧਤ ਦਫ਼ਤਰਾਂ ਨਾਲ ਰਾਬਤਾ ਕਾਇਮ ਕਰਕੇ ਜ਼ੋਨਲ ਪਲਾਨ ਵਿਚ ਸੁਧਾਰ ਕਰਵਾਇਆ ਜਾਵੇ। ਇਸ ਕੰਮ ਲਈ ਕਰਨਲ ਗੁਰਦੀਪ ਸਿੰਘ ਨੇ ਖੁਦ **U.T.** ਚੰਡੀਗੜ੍ਹ ਦੇ ਆਰਕੀਟੈਕਟ ਡਿਪਾਰਟਮੈਂਟ ਦੇ ਉੱਚ ਅਧਿਕਾਰੀਆਂ ਤੋਂ ਲੈ ਕੇ ਥੱਲੇ ਤੱਕ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਸਬੰਧੀ **U.T.** ਦੇ ਅਧਿਕਾਰੀਆਂ ਵੱਲੋਂ ਲੁਬਾਣਾ ਭਵਨ ਦੀ ਮਿਣਤੀ ਲਈ ਦੌਰਾ ਵੀ ਕੀਤਾ ਗਿਆ ਅਤੇ ਇਸ ਸਬੰਧੀ ਕਾਰਵਾਈ ਜਾਰੀ ਹੈ। ਇਸ ਜ਼ੋਨਲ ਪਲਾਨ ਵਿਚ ਸੁਧਾਰ ਉਪਰੰਤ ਹੀ ਰਿਵਾਈਜ਼ਡ ਬਿਲਡਿੰਗ ਪਲਾਨ ਦੀ ਕਾਰਵਾਈ ਹੋ ਸਕੇਗੀ। ਇਸ ਤੋਂ ਇਲਾਵਾ ਇਹ ਵੀ ਵਰਨਣਯੋਗ ਹੈ ਕਿ ਰਿਵਾਈਜ਼ਡ ਬਿਲਡਿੰਗ ਪਲਾਨ ਨੂੰ **Submit** ਕਰਨ ਤੋਂ ਪਹਿਲਾਂ ਭਵਨ ਦਾ ਆਨਰਸ਼ਿਪ ਸਰਟੀਫਿਕੇਟ ਅਤੇ **NDC Certificate** ਵੀ **U.T.** ਸਟੇਟ ਆਫ਼ਿਸ ਵੱਲੋਂ ਲੈਣਾ ਬਣਦਾ ਸੀ ਅਤੇ ਪਿਛਲੀਆਂ ਮੈਨੇਜਮੈਂਟਾਂ ਵੱਲੋਂ ਇਹ ਦੋਨੋਂ ਜ਼ਰੂਰੀ ਸਰਟੀਫਿਕੇਟ ਲੈਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ ਅਤੇ ਮੌਜੂਦਾ ਮੈਨੇਜਮੈਂਟ ਵੱਲੋਂ ਬੜੀ ਦੌੜ ਭੱਜ ਕਰਕੇ ਅਤੇ ਵਿਸ਼ੇਸ਼ ਅਸਰ ਰਸੂਖ ਵਰਤ ਕੇ ਇਹ ਦੋਨੋਂ ਸਰਟੀਫਿਕੇਟ ਹਾਸਲ ਕਰ ਲਏ ਗਏ ਹਨ, ਜੋ ਕਿ ਇਹ ਇਕ ਬਹੁਤ ਵੱਡੀ ਵਰਨਣਯੋਗ ਪ੍ਰਾਪਤੀ ਹੈ। ਰਿਵਾਈਜ਼ਡ ਬਿਲਡਿੰਗ ਪਲਾਨ ਲਈ ਇਹ ਬਹੁਤ ਮੁਸ਼ਕਿਲ ਅੜਚਨਾਂ ਨੂੰ ਦੂਰ ਕੀਤਾ ਜਾ ਰਿਹਾ ਹੈ ਅਤੇ ਜਲਦੀ ਹੀ ਬਣਦੀ ਕਾਰਵਾਈ ਕਰਨ ਲਈ ਮੈਨੇਜਮੈਂਟ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

**7. ਸ਼ਹੀਦੀ ਦਿਹਾੜੇ ਤੇ ਲੰਗਰ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਵਿਖੇ 27.12.2024 ਨੂੰ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਜੀ ਦੀ ਯਾਦ ਵਿਚ ਸਾਡੀ ਮੈਨੇਜਮੈਂਟ ਵਲੋਂ ਲੰਗਰ ਦੀ ਸੇਵਾ ਕਰਾਈ ਗਈ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਖਾਣੇ ਅਤੇ ਚਾਹ ਦਾ ਲੰਗਰ ਛਕਿਆ।

**8. ਸਵ: ਡਾ. ਮਨਮੋਹਨ ਸਿੰਘ ਜੀ ਨੂੰ ਸ਼ਰਧਾਂਜ਼ਲੀ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਵਿਖੇ ਮਿਤੀ 31-12-2024 ਨੂੰ ਮਾਨਯੋਗ ਪ੍ਰਧਾਨ ਸਾਹਿਬ ਅਤੇ ਸਮੂਹ ਮੈਨੇਜਮੈਂਟ ਵੱਲੋਂ ਸਵ: ਡਾ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਜੀ ਦੇ ਅਕਾਲ ਚਲਾਣੇ ’ਤੇ ਸਤਿਕਾਰ ਸਹਿਤ ਸ਼ਰਧਾਂਜ਼ਲੀ ਦਿੱਤੀ ਗਈ। ਸਿੱਖ ਕੌਮ ਦੇ ਇਕ ਮਹਾਨ ਸਖ਼ਸ਼ੀਅਤ ਅਤੇ ਦੇਸ਼ ਦੇ ਇਮਾਨਦਾਰ, ਉੱਚ ਕੋਟੀ ਦੇ ਲੀਡਰ ਡਾ. ਮਨਮੋਹਨ ਸਿੰਘ ਜੀ ਦੀ ਤਸਵੀਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਲਾਇਬ੍ਰੇਰੀ ਵਿਚ ਸੁਸ਼ੋਭਿਤ ਕੀਤੀ ਗਈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀ ਸਖ਼ਸ਼ੀਅਤ ਤੋਂ ਪ੍ਰੇਰਿਤ ਹੋ ਸਕਣ।

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਇਨਵਾਇਰਨਮੈਂਟ ਸੁਸਾਇਟੀ ਆਫ ਕਪੂਰਥਲਾ (ਰਜਿ.)

14. ਮਿਤੀ 09.05.1997 ਨੂੰ ਈਕੋ-ਕਲੱਬ ਦੇ ਮੈਂਬਰ ਅਤੇ ਇੱਕ ਮਾਡਲ ਮੇਕਿੰਗ ਅਤੇ ਕੁਵਿਜ਼ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦਾ ਟੂਰ ਲਗਾਇਆ। ਉਥੋਂ ਦਾ ਅਜਾਇਬ ਘਰ ਵੇਖ ਕੇ ਵਿਦਿਆਰਥੀ ਬੜੇ ਖੁਸ਼ ਹੋਏ।

15. ਸ਼੍ਰੀਮਤੀ ਊਸ਼ਾ ਆਰ. ਸ਼ਰਮਾ ਡਿਪਟੀ ਕਮਿਸ਼ਨਰ, ਕਪੂਰਥਲਾ ਮੁੱਖ ਮਹਿਮਾਨ ਦੀ ਅਗਵਾਈ ਵਿੱਚ ਮਿਤੀ 05.06.1997 ਨੂੰ ਬੱਚਤ ਭਵਨ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

16. ਮਿਤੀ 23.08.1997 ਨੂੰ ਕੁਸ਼ਟ ਆਸ਼ਰਮ, ਕਪੂਰਥਲਾ ਵਿਖੇ ਵਣ-ਮਹਾਉਤਸਵ ਮਨਾਇਆ ਗਿਆ।

17. ਪੰਜਾਬ ਸਰਕਾਰ ਵੱਲੋਂ ਦਾਸ ਨੂੰ ਮਿਤੀ 06.01.1998, 04.01.1999 ਅਤੇ 28.11.2000 ਨੂੰ ਤਿੰਨ ਸਾਲਾਂ ਲਈ ਆਨਰੇਰੀ ਵਾਈਲਡ ਲਾਈਫ ਵਾਰਡਨ ਨਾਮਜ਼ਦ ਕੀਤਾ ਗਿਆ।

18. ਮਿਤੀ 05.06.1998 ਨੂੰ ਬੱਚਤ ਭਵਨ ਕਪੂਰਥਲਾ ਵਿਖੇ ਮਨਾਏ ਗਏ ਵਿਸ਼ਵ ਵਾਤਾਵਰਣ ਦਿਵਸ ਤੇ ਸ਼੍ਰੀ ਐਸ.ਐਸ. ਬੈਂਸ ਏ.ਡੀ.ਸੀ. ਮੁੱਖ ਮਹਿਮਾਨ ਸਨ।

19. ਮਿਤੀ 22.02.2000 ਨੂੰ ਰੈੱਡ-ਕਰਾਸ ਭਵਨ, ਕਪੂਰਥਲਾ ਵਿਖੇ ਮੁੱਖ ਮਹਿਮਾਨ ਸ਼੍ਰੀ ਪੀ.ਪੀ.ਸਿੰਘ, ਪੀ.ਸੀ.ਐਸ, ਐਸ.ਡੀ.ਐਮ. ਦੀ ਅਗਵਾਈ ਵਿੱਚ ਹੋਏ ਸਮਾਗਮ ਦੌਰਾਨ ਇਕ ਫਲਾਵਰ ਸ਼ੋ, ਵਿਦਿਆਰਥੀਆਂ ਦੇ ਮੁਕਾਬਲੇ ਅਤੇ ਇੱਕ ਪਬਲਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ।

20. ਮਿਤੀ 06.01.2001 ਨੂੰ ਹਰੀਕੇ ਵੈੱਟ-ਲੈਂਡ ਵਿਖੇ ਬਰਡ ਵਾਚਿੰਗ ਅਤੇ ਜੈਵ-ਵਿਭਿੰਨਤਾ ਸਟੱਡੀ ਕੈਂਪ ਆਯੋਜਿਤ ਕੀਤਾ ਗਿਆ।

21. ਮਿਤੀ 29.03.2001 ਨੂੰ ਰੈੱਡ-ਕਰਾਸ ਭਵਨ ਕਪੂਰਥਲਾ ਵਿਖੇ ਇਸ ਸੁਸਾਇਟੀ ਵੱਲੋਂ ਸੈਮੀਨਾਰ ਅਤੇ ਫਲਾਵਰ ਸ਼ੋ ਕਰਵਾਇਆ ਗਿਆ। ਸ਼੍ਰੀਮਤੀ ਪਲਵੀ ਸਿੰਘ ਚੇਅਰਪਰਸਨ ਇੰਡੀਅਨ ਰੈੱਡ ਕਰਾਸ ਸੁਸਾਇਟੀ ਕਪੂਰਥਲਾ ਮੁੱਖ ਮਹਿਮਾਨ ਸਨ।

22. ਮਿਤੀ 02.02.2002 ਨੂੰ ਵਿਸ਼ਵ ਵੈੱਟ-ਲੈਂਡ ਦਿਵਸ ਕਾਂਜਲੀ ਵੈੱਟ-ਲੈਂਡ ਵਿਖੇ ਮਨਾਇਆ ਗਿਆ। ਸ਼੍ਰੀ ਸੋਮਨਾਥ ਪੀ.ਸੀ.ਐਸ., ਏ.ਡੀ.ਸੀ. ਮੁੱਖ ਮਹਿਮਾਨ ਸਨ।

23. ਅਜੀਤ ਅਖ਼ਬਾਰ ਦੀ ਮਿਤੀ 18.08.2002 ਨੂੰ ਛਪੀ ਖਬਰ ਅਨੁਸਾਰ ਦਾਸ ਨੂੰ ਪੰਜਵੀਂ ਵਾਰ ਇਸ ਸੁਸਾਇਟੀ ਦੇ ਮੁੱਖ ਸੇਵਾਦਾਰ ਦੀ ਜ਼ਿੰਮੇਵਾਰੀ ਸੌਂਪੀ ਗਈ।


24. ਮਿਤੀ 24.03.2004 ਨੂੰ ਸਰਕਾਰ ਵੱਲੋਂ ਜ਼ਿਲ੍ਹਾ ਕਪੂਰਥਲਾ ਦੇ ਨੋਆਇਜ਼ ਮਾਨੀਟੀਰਿੰਗ ਸੈੱਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ।

25. ਸੁਸਾਇਟੀ ਅਤੇ ਈਕੋ-ਕਲੱਬ ਮੈਂਬਰਾਂ ਵੱਲੋਂ ਮਿਤੀ 06.08.2004 ਨੂੰ ਪਾਂਗ ਡੈਮ, ਹਿਮਾਚਲ ਪ੍ਰਦੇਸ਼ ਵਿਖੇ ਇੱਕ ਰੋਜ਼ਾ ਜੈਵ-ਵਿਭਿੰਨਤਾ ਸਟੱਡੀ ਕੈਂਪ ਲਾਇਆ ਗਿਆ। ਡੈਮ ਤੇ ਸਾਰਿਆਂ ਵੱਲੋਂ ਪਾਵਰ ਹਾਊਸ, ਸ਼ਾਹ ਨਹਿਰ ਸਿਸਟਮ ਅਤੇ ਅਜਾਇਬ ਘਰ ਵੇਖਿਆ ਗਿਆ। ਡੈਮ ਲੇਕ ਵਿੱਚ ਮੋਟਰ ਬੋਟ ਨਾਲ ਬੋਟਿੰਗ ਕੀਤੀ ਗਈ। ਸ਼੍ਰੀਮਤੀ ਸੁਰਜੀਤ ਕੌਰ ਵੀ ਸਾਡੇ ਨਾਲ ਸਨ। ਉਨ੍ਹਾਂ ਦੇ ਕਹਿਣ ਤੇ ਵਾਪਸੀ ਤੇ ਸਾਰੇ ਸਾਡੇ ਪਿੰਡ ਭੂਛਾਂ ਹੋ ਕੇ ਆਏ।

**(ਚਲਦਾ)**

**ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।**

# ਕਿਸ ਤਰ੍ਹਾਂ ਦੇ ਪਤੀ ਤੇ ਪਿਤਾ ਸਨ ਡਾ. ਮਨਮੋਹਨ ਸਿੰਘ



1969 'ਚ ਜਦੋਂ ਅਸੀਂ ਮਾਡਲ ਟਾਊਨ ਆਏ, ਕਿੱਕੀ (ਉਪਿੰਦਰ ਸਿੰਘ) ਦਸ ਸਾਲਾਂ ਦੀ, ਮੈਂ ਛੇ ਸਾਲਾਂ ਦੀ ਅਤੇ ਅਮੂ (ਅੰਮ੍ਰਿਤਾ ਸਿੰਘ) ਛੇ ਮਹੀਨਿਆਂ ਦੀ ਸੀ। ਅਸੀਂ 70ਵਿਆਂ ਦੇ ਮਿਹਨਤੀ ਅਤੇ ਆਗਿਆਕਾਰੀ ਬੱਚੇ ਸਾਂ, ਸਾਨੂੰ ਪੜ੍ਹਨ ਲਈ ਵਾਰ-ਵਾਰ ਕਹਿਣਾ ਨਹੀਂ ਸੀ ਪੈਂਦਾ। ਗਲੀਆਂ ਸਾਡਾ ਖੇਡ ਦਾ ਮੈਦਾਨ ਸਨ, ਜੋ ਸਾਡੇ ਨਾਲ-ਨਾਲ ਲੰਘਦੀਆਂ ਕਾਰਾਂ ਅਤੇ ਗਾਵਾਂ ਸਭ ਦਾ ਸਾਂਝਾ ਸੀ।

ਮੇਰੇ ਮਾਪੇ ਕਈ ਸਾਲ ਤੁਗਲਕ ਰੋਡ ਤੋਂ ਲੈ ਕੇ ਬਾਪਾ ਨਗਰ, ਲੋਧੀ ਐਸਟੇਟ, ਕ੍ਰਿਸ਼ਨਾ ਮੈਨਨ ਮਾਰਗ, ਅਤੇ ਫਿਰ ਸਫ਼ਦਰਜੰਗ ਲੇਨ ਤੱਕ ਇਕ ਘਰ ਤੋਂ ਦੂਜੇ ਘਰ ਤੱਕ ਛਾਲਾਂ ਮਾਰਦੇ ਰਹੇ ਅਤੇ ਅੰਤ ਰੇਸ ਕੋਰਸ ਰੋਡ ਪਹੁੰਚ ਗਏ। ਇਹ ਉਹ ਜਗ੍ਹਾ ਸੀ ਜਿੱਥੇ ਉਹ ਸਭ ਤੋਂ ਜ਼ਿਆਦਾ ਲੰਮਾ ਸਮਾਂ ਰਹੇ। ਸਰਕਾਰੀ ਨੌਕਰੀ ਕਰਦਿਆਂ ਮੇਰੇ ਡੈਡੀ ਨੇ ਪੂਰੀ ਖੁੱਲ੍ਹ ਨਾਲ ਆਪਣੇ ਵਿਚਾਰ ਜ਼ਾਹਿਰ ਕੀਤੇ ਕਿ ਕੀ ਠੀਕ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਉਨ੍ਹਾਂ ਨੇ ਹਰ ਸਰਕਾਰੀ ਨਿਯਮ ਪੂਰੇ ਸਿਰੜ ਨਾਲ ਮੰਨਿਆ। ਉਨ੍ਹਾਂ ਨੇ ਸਰਕਾਰੀ ਨਿਯਮਾਂ ਦੀ ਸੂਚੀ ਵਿਚ ਬਹੁਤ ਸਾਰੇ ਆਪਣੇ ਨਿਯਮ ਵੀ ਸਜਾ ਦਿੱਤੇ। ਇਹ ਅਸੂਲ ਸਨ, ਸੰਕੀਰਨਤਾ, ਭਾਈਭਤੀਜਾਵਾਦ ਅਤੇ ਪੱਖਪਾਤ ਤੋਂ ਪੂਰੀ ਤਰ੍ਹਾਂ ਦੂਰ ਰਹਿਣਾ। ਕਿਸੇ ਸਾਧਾਰਨ ਤੋਂ ਸਾਧਾਰਨ ਵਸੀਲੇ ਤੋਂ ਕੋਈ ਨਿੱਕਾ ਜਿਹਾ ਵੀ ਅਹਿਸਾਨ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਿਸੇ ਕੰਮ ਵਿਚ ਦਿਲਚਸਪੀ ਰੱਖਣ ਵਾਲੀਆਂ ਧਿਰਾਂ, ਥੋੜ੍ਹੀ ਬਹੁਤ ਜਾਣ-ਪਛਾਣ ਵਾਲਿਆਂ ਅਤੇ ਅਜਨਬੀਆਂ ਨਾਲ ਹਮਪਿਆਲਾ-ਹਮਨਿਵਾਲਾ ਹੋਣ ਤੋਂ ਗੁਰੇਜ਼ ਕਰਨਾ ਸਿਰਫ਼ ਉਨ੍ਹਾਂ ਲੋਕਾਂ ਦੀ ਆਓ ਭਗਤ ਕਰਨੀ ਜਿਨ੍ਹਾਂ ਨਾਲ ਜਾਣ-ਪਛਾਣ ਹੋਵੇ ਅਤੇ ਰੁਜ਼ਗਾਰ ਅਤੇ ਨਿੱਜੀ ਜ਼ਿੰਦਗੀ ਵਿਚਕਾਰਲੀ ਲਕੀਰ ਕਦੇ ਪਾਰ ਨਹੀਂ ਕਰਨੀ।

ਇਸ ਰਸਤੇ 'ਤੇ ਚਲਦਿਆਂ ਉਹ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਪਿੱਛੇ ਹਟਦੇ ਚਲੇ ਗਏ। ਉਨ੍ਹਾਂ ਦਾ ਕੰਮ ਉਨ੍ਹਾਂ ਦੀ ਜ਼ਿੰਦਗੀ 'ਤੇ ਹਾਵੀ ਹੁੰਦਾ



ਗਿਆ। ਹਰ ਰੋਜ਼ ਉਨ੍ਹਾਂ ਦਾ ਦਫ਼ਤਰ ਕੱਪੜੇ ਦੀਆਂ ਵੱਡੀਆਂ ਗਠੜੀਆਂ ਵਿਚ ਬੰਨ੍ਹਿਆ ਹੋਇਆ, ਉਨ੍ਹਾਂ ਦੇ ਨਾਲ ਘਰ ਆਉਂਦਾ ਅਤੇ ਅਸੀਂ ਉਸ ਨੂੰ ਕਾਰ ਵਿਚੋਂ ਬਾਹਰ ਕੱਢਣ ਵਿਚ ਉਨ੍ਹਾਂ ਦੀ ਮਦਦ ਕਰਦੇ। ਡੈਡੀ ਦੇ ਘਰ ਹੋਣ ਵੇਲੇ ਪੱਬਾਂ ਭਾਰ ਤੁਰਨਾ ਅਸੀਂ ਬਹੁਤ ਛੋਟੀ ਉਮਰ ਵਿਚ ਸਿੱਖ ਲਿਆ। ਉਹ ਆਪਣੇ ਬਿਸਤਰੇ ਵਿਚ ਬੈਠ ਕੇ ਕੰਮ ਕਰਦੇ, ਚੌਂਕੜੀ ਮਾਰ ਕੇ ਉੱਪਰ ਇਕ ਸਰਾਹਣਾ ਰੱਖਦੇ ਅਤੇ ਫਾਈਲਾਂ ਦਾ ਢੇਰ ਉਨ੍ਹਾਂ ਦੇ ਕੋਲ ਪਿਆ ਹੁੰਦਾ। ਆਪਣੇ ਕਾਗਜ਼ਾਂ ਉੱਤੇ ਝੁਕੇ ਹੋਏ ਉਹ ਨਿੱਕੀਆਂ- ਨਿੱਕੀਆਂ ਸਾਫ਼-ਸੁਥਰੀਆਂ ਲਕੀਰਾਂ ਵਾਹੁੰਦੇ ਹੋਏ ਆਪਣੀ ਦਾੜ੍ਹੀ ਖੁਰਚਦੇ ਅਤੇ ਮੂੰਹ ਵਿਚ ਕੁਝ ਬੁੜਬੁੜਾਉਂਦੇ। ਜਦੋਂ ਉਹ ਕੰਮ ਨਾ ਕਰ ਰਹੇ ਹੁੰਦੇ ਉਦੋਂ ਜਾਂ ਤਾਂ ਕੋਈ ਕਿਤਾਬ ਪੜ੍ਹ ਰਹੇ ਹੁੰਦੇ ਜਾਂ ਆਪਣੇ ਖ਼ਿਆਲਾਂ ਵਿਚ ਗੁਆਚੇ। ਉਹ ਹੁਣ ਵੀ ਆਪਣੇ ਦੋਸਤਾਂ ਨਾਲ ਵਕਤ ਬਿਤਾਉਂਦੇ ਸਨ, ਪਰ ਪਹਿਲਾਂ ਜਿੰਨਾ ਨਹੀਂ। ਰਾਤ ਦੇ ਖਾਣੇ ਦਾ ਸੱਦਾ ਉਨ੍ਹਾਂ ਅਰਥ-ਸ਼ਾਸਤਰੀਆਂ ਲਈ ਰਾਖਵਾਂ ਹੁੰਦਾ ਜੋ ਜਾਂ ਤਾਂ ਸ਼ਹਿਰ ਆਏ ਹੁੰਦੇ ਜਾਂ ਸ਼ਹਿਰੋਂ ਜਾ ਰਹੇ ਹੁੰਦੇ। ਅਸੀਂ ਤਿੰਨੇ ਭੈਣਾਂ ਰਸੋਈ ਵਿਚ ਖਾਣਾ ਪਕਾਉਣ, ਪਰੋਸਣ ਅਤੇ ਨਿੱਕ-ਸੁੱਕ ਸਾਂਭਣ ਵਿਚ ਆਪਣੇ ਮਾਤਾ ਜੀ ਦੀ ਮਦਦ ਕਰਦੀਆਂ। ਸਾਡੇ ਡੈਡੀ ਆਮ ਤੌਰ 'ਤੇ ਸਾਨੂੰ ਮਹਿਮਾਨਾਂ ਨਾਲ ਮਿਲਾਉਣਾ ਭੁੱਲ ਜਾਂਦੇ ਅਤੇ ਨਾ ਹੀ ਉਹ ਸਾਡੇ ਵਿਚ ਕੋਈ ਦਿਲਚਸਪੀ ਦਿਖਾਉਂਦੇ। ਛੋਟੀ ਅਤੇ ਨਿਡਰ ਹੋਣ ਕਰਕੇ ਅਮੂ ਅਕਸਰ ਕੁਰਸੀ ਉੱਤੇ ਬਹਿ ਜਾਂਦੀ ਅਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਦੀ ਆਰਥਿਕ ਹਾਲਤ ਦਾ ਗਿਆਨ ਪੂਰੇ ਵਿਸਤਾਰ ਨਾਲ ਪੀ ਲੈਂਦੀ। ਪਰ ਸਾਡਾ ਕੰਮ ਖ਼ਤਮ ਹੁੰਦੇ ਹੀ, ਕਿੱਕੀ ਅਤੇ ਮੈਂ ਗਾਇਬ ਹੋ ਜਾਂਦੇ।

ਮੇਰੇ ਡੈਡੀ ਕਿਉਂਕਿ ਅਕਸਰ ਬਹੁਤ ਸਫ਼ਰ ਕਰਦੇ ਸਨ। ਕਈ ਵਾਰ ਉਹ ਦਿੱਲੀ ਸਿਰਫ਼ ਅਗਲਾ ਜਹਾਜ਼ ਚੜ੍ਹਨ ਲਈ ਹੀ ਆਉਂਦੇ। ਉਨ੍ਹਾਂ ਵੱਲੋਂ ਕੋਈ ਚੀਜ਼ ਲੈ ਕੇ ਦੇਣ ਦਾ ਸਵਾਲ ਹੀ ਨਹੀਂ ਸੀ ਬਚਿਆ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਸਾਫ਼ ਕਹਿ ਦਿੱਤਾ ਸੀ ਕਿ ਉਨ੍ਹਾਂ ਕੋਲ ਇਸ ਲਈ ਵਕਤ ਨਹੀਂ ਹੈ। ਇਸ ਲਈ ਸਾਨੂੰ ਰੋਜ਼ਾਨਾ ਮਿਲਣ ਵਾਲੀ ਚਾਕਲੇਟ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ। ਕਈ ਵਾਰ ਉਹ ਆਪਣੀ ਮਹਿਲਾ ਸਹਾਇਕ ਨੂੰ ਆਪਣੀ ਪਤਨੀ ਅਤੇ ਤਿੰਨ ਲੜਕੀਆਂ ਲਈ ਰਾਤ ਨੂੰ ਪਾਉਣ ਵਾਲੇ ਕੱਪੜੇ ਲਿਆਉਣ ਲਈ ਕਹਿ ਦਿੰਦੇ। ਇਸੇ ਕਰਕੇ ਅਸੀਂ ਚਾਰੇ ਰਾਤ ਨੂੰ ਬਹੁਤ ਸੋਹਣੇ ਕੱਪੜੇ ਪਾ ਕੇ ਸੌਂਦੇ। ਸਾਡਾ ਘੁੰਮਣਾ-ਫਿਰਨਾ ਬਹੁਤ ਘੱਟ ਸੀ। ਅਸੀਂ ਸਕੂਲ ਦੀਆਂ ਛੁੱਟੀਆਂ ਵਿਚ ਜਾਂ ਕਿਸੇ ਦੇ ਵਿਆਹ ਵੇਲੇ ਇਕ-ਦੋ ਵਾਰ ਅੰਮ੍ਰਿਤਸਰ ਗਏ। ਇਸ ਤੋਂ ਇਲਾਵਾ ਅਸੀਂ ਦੇਸ਼ ਦੀ ਬਹੁਤ ਘੱਟ ਸੈਰ ਕੀਤੀ। 1974 ਵਿਚ ਅਸੀਂ ਪੰਜੇ ਜੀਅ ਛੁੱਟੀਆਂ ਮਨਾਉਣ ਗਏ। ਇਹ ਸੱਚਮੁੱਚ ਇਕ ਇਤਿਹਾਸਕ ਮੌਕਾ ਸੀ, ਜੋ ਦੁਬਾਰਾ ਕਦੇ ਵੀ ਨਹੀਂ ਆਇਆ। ਨੈਨੀਤਾਲ ਦੇ ਇਸ ਟੂਰ ਤੋਂ ਬਾਅਦ ਅਸੀਂ ਦਿੱਲੀ ਤੋਂ ਇਕ ਹੋਰ ਵਾਰ ਸ਼ਿਮਲੇ ਗਏ, ਉਦੋਂ ਡੈਡੀ ਨਾਲ ਨਹੀਂ ਸਨ।

ਕੁਝ ਪਲ ਅਜਿਹੇ ਵੀ ਹੁੰਦੇ ਸਨ ਜਦੋਂ ਉਹ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਪਾਸੇ ਰੱਖ ਕੇ ਸਾਨੂੰ ਬਾਹਰ ਲੈ ਕੇ ਜਾਂਦੇ। ਸਾਡੀ ਸਭ ਤੋਂ ਰੋਮਾਂਚਿਕ ਸੈਰ ਹੁੰਦੀ ਕਿਤਾਬਾਂ ਦੀਆਂ ਦੁਕਾਨਾਂ, ਕਸ਼ਮੀਰੀ ਗੇਟ ਵਾਲੀ ਰਾਮਾਕ੍ਰਿਸ਼ਨਾ ਐਂਡ ਸੰਨਜ਼ ਅਤੇ ਕਨਾਟ ਪਲੇਸ ਦੀ ਗਲਗੋਟੀਆ ਤੇ ਨਿਊ ਬੁੱਕ ਡਿੱਪੋ। ਖ਼ਾਨਿਆਂ ਵਿਚ ਪਈਆਂ ਲਲਚਾਉਂਦੀਆਂ ਕਿਤਾਬਾਂ ਵਿਚਾਲੇ ਅਸੀਂ ਖੁੱਲ੍ਹੇ ਘੁੰਮਦੇ, ਉਨ੍ਹਾਂ ਦੇ ਨਸ਼ੇ ਵਿਚ ਠੁੱਡੇ ਖਾਂਦੇ, ਆਪਣੀਆਂ ਖ਼ਰੀਦੀਆਂ ਹੋਈਆਂ ਕਿਤਾਬਾਂ ਨੂੰ ਘੁੱਟ ਕੇ ਫੜ ਲੈਂਦੇ। ਇਕ-ਦੋ ਮਹੀਨਿਆਂ ਬਾਅਦ ਅਸੀਂ ਪਹਿਲਾਂ ਤੋਂ ਮਿੱਥੀਆਂ ਹੋਈਆਂ ਥਾਵਾਂ ਜਿਵੇਂ ਕਿ ਦੱਖਣ ਭਾਰਤੀ ਖਾਣੇ ਲਈ ਕਮਲਾ ਨਗਰ ਦੀ ਕ੍ਰਿਸ਼ਨਾ ਸਵੀਟਸ, ਮੁਗ਼ਲਈ ਖਾਣੇ ਲਈ ਦਰਿਆਗੰਜ ਦੀ ਤੰਦੂਰ, ਚੀਨੀ ਪਕਵਾਨਾਂ ਲਈ ਮਲਚਾ ਮਾਰਗ ਅਤੇ ਚਾਟ ਖਾਣ ਲਈ ਬੰਗਾਲੀ ਮਾਰਕੀਟ ਜਾਂਦੇ। ਡੈਡੀ ਅਤੇ ਧੀਆਂ ਦੀਆਂ ਗੱਲਾਂ ਅਕਸਰ ਬਹੁਤ ਛੋਟੀਆਂ ਹੁੰਦੀਆਂ। ਉਨ੍ਹਾਂ ਵਿਚੋਂ ਜ਼ਿਆਦਾਤਰ ਗੱਲਾਂ ਦਫ਼ਤਰੀ ਅਤੇ ਨਿੱਜੀ ਕੰਮਾਂ ਵਿਚ ਫ਼ਰਕ ਸਮਝਾਉਣ ਲਈ ਹੁੰਦੀਆਂ। ਟੈਲੀਫ਼ੋਨ ਸਰਕਾਰੀ ਸੀ, ਇਸ ਲਈ ਸਾਨੂੰ ਸਿਰਫ਼ ਜ਼ਰੂਰੀ ਕੰਮ ਲਈ ਫ਼ੋਨ ਕਰਨ ਦੀ ਇਜਾਜ਼ਤ ਸੀ। ਇਸ ਕੰਮ ਲਈ ਲਾਈ ਇਕ ਖ਼ਾਸ ਸਾਫ਼ ਕਾਪੀ ਵਿਚ, ਸਾਡੇ ਮੰਮੀ ਮਹੀਨੇ ਵਿਚ ਕੀਤੀਆਂ ਜਾਂਦੀਆਂ ਲੰਮੀ ਦੂਰੀ ਦੀਆਂ ਦੋ ਜਾਂ ਤਿੰਨ ਕਾਲਾਂ ਨੋਟ ਕਰਦੇ। ਇਸ ਗੱਲ ਦਾ ਖਦਸ਼ਾ ਹੁੰਦਾ ਸੀ ਕਿ ਫ਼ੋਨ ਰਿਕਾਰਡ ਕੀਤਾ ਜਾ ਰਿਹਾ ਹੈ। ਸੋ, ਅਸੀਂ ਹਰ ਗੱਲ ਬਹੁਤ ਸੋਚ-ਸਮਝ ਕੇ ਕਰਦੇ। ਕਾਰ ਵੀ ਸਰਕਾਰੀ ਸੀ, ਜਿਸਦਾ ਮਤਲਬ ਸੀ ਕਿ ਉਹ ਸਾਨੂੰ ਉਸ ਕਾਰ ਵਿਚ ਕਿਤੇ ਨਹੀਂ ਛੱਡਣਗੇ, ਉਸ ਜਗ੍ਹਾ 'ਤੇ ਵੀ ਨਹੀਂ ਜਿਹੜੀ ਉਨ੍ਹਾਂ ਦੇ ਕੰਮ ਜਾਣ ਵਾਲੇ ਰਸਤੇ ਵਿਚ ਪੈਂਦੀ ਹੋਵੇ। ਸਰਕਾਰੀ ਸਟੇਸ਼ਨਰੀ ਤੋਂ ਲੈ ਕੇ ਸਰਕਾਰੀ ਰੁਤਬੇ ਸਾਡੀ ਪਹੁੰਚ ਤੋਂ ਬਾਹਰ ਸਨ। ਨਿੱਜੀ ਮਾਮਲਿਆਂ ਵਿਚ ਸਾਡੀ ਸੁਰੱਖਿਆ ਅਤੇ ਸਾਡੀ ਪੜ੍ਹਾਈ ਉਨ੍ਹਾਂ ਦੀ ਚਿੰਤਾ ਦਾ ਮੁੱਖ ਵਿਸ਼ਾ ਸਨ। ਸੁਰੱਖਿਆ ਲਈ ਉਹ ਦੋ ਗੱਲਾਂ ਹਮੇਸ਼ਾ ਯਾਦ ਕਰਵਾਉਂਦੇ: ਕਦੇ ਕਿਸੇ ਤੋਂ ਟੌਫ਼ੀਆਂ ਨਹੀਂ ਲੈਣੀਆਂ ਅਤੇ ਭਾਵੇਂ ਕੋਈ ਜਾਣਕਾਰ ਵੀ ਹੋਵੇ, ਉਸ ਤੋਂ ਲਿਫ਼ਟ ਨਹੀਂ ਲੈਣੀ। ਬਿਮਾਰੀ, ਭਾਵੇਂ ਕਿੰਨੀ ਵੀ ਛੋਟੀ ਹੋਵੇ, ਉਨ੍ਹਾਂ ਨੂੰ ਬਹੁਤ ਪ੍ਰੇਸ਼ਾਨ ਕਰ ਦਿੰਦੀ। ਹਲਕੀ ਜਿਹੀ ਖੰਘ ਜਾਂ ਇਕ ਨਿੱਛ ਉਨ੍ਹਾਂ ਨੂੰ ਬੇਚੈਨ ਕਰਨ ਲਈ ਕਾਫ਼ੀ ਹੁੰਦੀ।

ਰੋਜ਼ਾਨਾ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਸੀ। ਉਨ੍ਹਾਂ ਤੋਂ ਉੱਪਰ ਉੱਠ ਕੇ ਉਹ ਸਿਰਫ਼ ਸਿਆਣਪ ਦੀਆਂ ਸਾਦੀਆਂ ਗੱਲਾਂ ਕਰਦੇ ਸਨ। ਜਦੋਂ ਕਦੇ ਭੈਣਾਂ ਦੀ ਆਪਸ ਵਿਚ ਲੜਾਈ ਹੋ ਜਾਂਦੀ ਤਾਂ ਸਾਨੂੰ 'ਜੈਂਟਲ ਬੈਨ' ਬਣਨ ਦੀ ਸਲਾਹ ਦਿੱਤੀ ਜਾਂਦੀ। ਅਸੀਂ ਨਿਊਯਾਰਕ ਵਿਚ ਟੈਲੀਵਿਜ਼ਨ 'ਤੇ ਆਉਣ ਵਾਲਾ ਇਕ ਲੜੀਵਾਰ ਦੇਖਦੇ ਹੁੰਦੇ ਸਾਂ ਜਿਸ ਵਿਚ ਇਕ ਦਿਆਲੂ ਭਾਲੂ ਦਾ ਨਾਂਅ ਬੈਨ ਸੀ। ਇਕ ਹੋਰ ਗੱਲ ਸਿਖਾਈ ਜਾਂਦੀ ਸੀ 'ਕੌੜੇ ਬੋਲ ਨਾ ਬੋਲੋ।' ਜ਼ਿੰਦਗੀ ਦੀਆਂ ਤਲਖ਼ ਸੱਚਾਈਆਂ ਨੂੰ ਯਾਦ ਰੱਖਣ ਲਈ ਸਾਨੂੰ ਸਮਝਾਇਆ ਜਾਂਦਾ ਕਿ 'ਜ਼ਿਆਦਾ ਸੋਹਲ ਨਾ ਬਣੋ' ਅਤੇ 'ਜਿਹੜਾ ਠੀਕ ਨਾ ਹੋਵੇ ਰੋਗ, ਉਹਨੂੰ ਲਵੋ ਭੋਗ।'

ਮੈਂ ਆਪ ਥੋੜ੍ਹੀ-ਬਹੁਤ ਜੋਕਰ ਹਾਂ, ਮੈਨੂੰ ਮੇਰੇ ਡੈਡੀ ਬਹੁਤ ਨਿਰਾਲੇ ਬੰਦੇ ਲੱਗਦੇ ਹਨ। ਉਹ ਘਰ ਦੇ ਕੰਮਾਂ ਵਿਚ ਬਿਲਕੁਲ ਫਾਡੀ ਸਨ। ਨਾ ਤਾਂ ਉਹ ਆਂਡਾ ਉਬਾਲ ਸਕਦੇ ਸਨ, ਨਾ ਹੀ ਟੀ.ਵੀ. ਚਲਾ ਸਕਦੇ ਸਨ। ਇਹ ਵੀ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਹ ਆਪਣੀ ਤੁਰਨ ਦੀ ਰਫ਼ਤਾਰ 'ਤੇ



ਨਿਯੰਤਰਣ ਕਿਉਂ ਨਹੀਂ ਸਨ ਕਰ ਸਕਦੇ। ਇਕ ਵਾਰ ਉਹ ਤੁਰ ਪੈਂਦੇ ਤਾਂ ਫਿਰ ਐਨੀ ਰਫ਼ਤਾਰ ਫੜ ਲੈਂਦੇ ਕਿ ਆਪਣੇ ਸਾਥੀਆਂ ਨੂੰ ਬਹੁਤ ਪਿੱਛੇ ਛੱਡ ਜਾਂਦੇ। ਉਹ ਕਸਰਤ ਵੀ ਬਹੁਤ ਤੇਜ਼ੀ ਨਾਲ ਕਰਦੇ, ਕਾਹਲੀ-ਕਾਹਲੀ ਲੱਤਾਂ-ਬਾਹਾਂ ਫੜਫੜਾਉਂਦੇ। ਉਨ੍ਹਾਂ ਦੀ ਸਿਹਤ ਦੇ ਮਸਲੇ ਚਿੰਤਾ ਦਾ ਕਾਰਨ ਬਣਦੇ। ਥੋੜ੍ਹਾ ਜਿਹਾ ਵੀ ਜ਼ੁਕਾਮ ਉਨ੍ਹਾਂ ਨੂੰ ਨਮੂਨੀਆ ਲਗਦਾ ਅਤੇ ਛਾਤੀ ਵਿਚ ਹਲਕੀ ਜਿਹੀ ਵੀ ਦਰਦ ਉਨ੍ਹਾਂ ਨੂੰ ਦਿਲ ਦਾ ਦੌਰਾ ਲਗਦੀ। ਅਰਥਸ਼ਾਸਤਰੀਆਂ ਤੋਂ ਇਲਾਵਾ ਆਉਣ ਵਾਲਾ ਕੋਈ ਵੀ ਮਹਿਮਾਨ ਉਨ੍ਹਾਂ ਨੂੰ ਦਹਿਸ਼ਤ ਵਿਚ ਪਾ ਦਿੰਦਾ ਅਤੇ ਉਹ ਉਸ ਤੋਂ ਬਚਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਪਰ ਜੇ ਸਫ਼ਲ ਨਾ ਹੁੰਦੇ। ਉਹ ਥੋੜ੍ਹੀ ਜਿਹੀ ਗੱਲ ਕਰਨ ਦੀ ਵੀ ਬਹੁਤ ਘੱਟ ਕੋਸ਼ਿਸ਼ ਕਰਦੇ।

ਉਨ੍ਹਾਂ ਅੰਦਰ ਹਾਸੇ-ਠੱਠੇ ਵਾਲੀ ਵੀ ਬਿਰਤੀ ਹੈ ਪਰ ਇਹ ਉਦੋਂ ਹੀ ਨਜ਼ਰ ਆਉਂਦੀ ਜਦੋਂ ਉਹ ਆਪਣੇ ਦੋਸਤਾਂ ਨਾਲ ਹੁੰਦੇ, ਭਾਵੇਂ ਦੋਸਤ ਅਰਥ ਸ਼ਾਸਤਰੀ ਹੀ ਕਿਉਂ ਨਾ ਹੋਣ। ਇਹ ਦੇਖ ਕੇ ਬਹੁਤ ਚੈਨ ਮਿਲਦਾ ਕਿ ਉਹ ਹੱਸਦੇ ਵੀ ਹਨ ਅਤੇ ਚੁਟਕਲੇ ਵੀ ਸੁਣਾ ਸਕਦੇ ਹਨ। ਸਾਡੇ ਨਾਲ ਉਨ੍ਹਾਂ ਨੇ ਇਹ ਦੋਵੇਂ ਗੱਲਾਂ ਕਦੇ ਨਹੀਂ ਕੀਤੀਆਂ। ਉਨ੍ਹਾਂ ਦੀ ਇਕ ਹੋਰ ਮਜ਼ੇਦਾਰ ਗੱਲ ਲੋਕਾਂ ਦੇ ਨਾਂਅ ਰੱਖਣਾ ਹੈ। ਉਨ੍ਹਾਂ ਲੋਕਾਂ ਨੂੰ ਨਹੀਂ ਪਤਾ ਕਿ ਸਾਡੇ ਇਕ ਚਾਚਾ ਜੀ 'ਜੌਹਨ ਬਾਬੂ' ਇਕ ਹੋਰ ਚਾਚਾ ਜੀ 'ਜਿਊਲ ਬਾਬੂ' ਅਤੇ ਤੀਜੇ ਜਿਨ੍ਹਾਂ ਦੀ ਪੱਗ ਬਹੁਤ ਤਿੱਖੀ ਚੁੰਝ ਵਾਲੀ ਹੁੰਦੀ ਉਹ 'ਤਿੱਖੀ ਚੁੰਝ' ਵਾਲੇ ਸਨ। ਮੰਮੀ ਉਨ੍ਹਾਂ ਲਈ 'ਗੁਰੁਦੇਵ' ਅਤੇ ਅਸੀਂ ਤਿੰਨੇ 'ਕਿੱਕ, ਛੋਟੀ ਨਾਨ ਅਤੇ ਛੋਟੂ ਰਾਮ', ਹਾਂ। ਉਨ੍ਹਾਂ ਵੱਲੋਂ ਰੱਖੇ ਗਏ ਕੁਝ ਨਾਂਅ ਜ਼ਿਆਦਾ ਸਖ਼ਤ ਸਨ। ਜਿੱਥੋਂ ਤੱਕ ਮੇਰੀ ਸੋਚ ਸੀ, ਮੇਰੇ ਮੰਮੀ ਨੂੰ ਕੋਈ ਹਰਾ ਨਹੀਂ ਸਕਦਾ ਸੀ। ਉਹ ਕਿਸੇ ਵੇਲੇ ਵੀ, ਕੁਝ ਵੀ ਕਰ ਸਕਦੇ ਸਨ, ਕਿਤੇ ਵੀ ਜਾ ਸਕਦੇ ਸਨ, ਕਿਸੇ ਨਾਲ ਵੀ ਨਜਿੱਠ ਸਕਦੇ ਹਨ- ਸਿਵਾਏ ਮੇਰੇ ਡੈਡੀ ਦੇ। ਉਨ੍ਹਾਂ ਨੇ ਪੂਰਾ ਘਰ ਸਾਫ਼ ਤੌਰ 'ਤੇ ਇਕੱਲੇ ਸੰਭਾਲਿਆ।

**-ਡਾ. ਮਨਮੋਹਨ ਸਿੰਘ ਦੀ ਬੇਟੀ ਦਮਨ ਸਿੰਘ ਵਲੋਂ ਲਿਖੀ ਪੁਸਤਕ 'ਮਨਮੋਹਨ ਤੇ ਗੁਰਸ਼ਰਨ : ਇਕ ਅਣਕਹੀ ਦਾਸਤਾਨ' ਵਿਚੋਂ ਧੰਨਵਾਦ ਸਹਿਤ ਕੁਝ ਅੰਸ਼**

# ਬੰਦ ਦਰਵਾਜ਼ਿਆਂ ਦੀਆਂ ਸ਼ੀਸ਼ਾਂ ਵਿੱਚ ਝਾਕਦਿਆਂ - ਡਾ: ਮਨਮੋਹਨ ਸਿੰਘ



ਡਾ: ਮਨਮੋਹਨ ਸਿੰਘ ਦੇ ਇਸ ਦੁਨੀਆ ਤੋਂ ਰੁਖ਼ਸਤ ਹੋਣ 'ਤੇ ਸੀਨੀਅਰ ਪੱਤਰਕਾਰ ਵੀਰ ਸਾਂਘਵੀ ਨੇ ਫ਼ਿਲਮ "ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ" ਨੂੰ ਲੈ ਕੇ ਲਿਖਿਆ "ਜੇ ਕਿਸੇ ਨੂੰ ਡਾ: ਮਨਮੋਹਨ ਸਿੰਘ ਬਾਰੇ ਬੋਲੇ ਗਏ ਝੂਠ ਨੂੰ ਯਾਦ ਕਰਨਾ ਹੋਵੇ ਤਾਂ ਉਸਨੂੰ ਉਕਤ ਫ਼ਿਲਮ ਫਿਰ ਦੇਖਣੀ ਚਾਹੀਦੀ ਹੈ। ਇਹ ਨਾ ਸਿਰਫ਼ ਸਭ ਤੋਂ ਬੁਰੀਆਂ ਫ਼ਿਲਮਾਂ 'ਚੋਂ ਇੱਕ ਹੈ, ਬਲਕਿ ਇਹ ਇੱਕ ਉਦਾਹਰਨ ਹੈ ਕਿ ਕਿਵੇਂ ਇੱਕ ਚੰਗੇ ਆਦਮੀ ਦਾ ਨਾਂ ਖਰਾਬ ਕਰਨ ਲਈ ਮੀਡੀਆ ਦੀ ਵਰਤੋਂ ਕੀਤੀ ਗਈ ਸੀ।"

ਭਾਰਤੀ ਲੋਕਾਂ ਲਈ ਕੀਤੇ ਵੱਡੇ ਕੰਮਾਂ ਦਾ ਮੁੱਲ ਨਾ ਪਾਉਣ ਵਾਲੇ ਛੋਟੀ ਸੋਚ ਵਾਲੇ ਲੋਕਾਂ ਨੇ ਕਦੇ ਵੀ ਉਹਨਾਂ ਦੀ ਸਖ਼ਸ਼ੀਅਤ ਨਾਲ ਇਨਸਾਫ਼ ਨਹੀਂ ਕੀਤਾ, ਸਗੋਂ ਉਹਨਾਂ ਦੇ ਕੰਮਾਂ ਨੂੰ ਛੁਟਿਆਉਣ ਦਾ ਯਤਨ ਕੀਤਾ।

ਡਾ: ਮਨਮੋਹਨ ਸਿੰਘ ਨੂੰ ਆਰਥਿਕ ਸੁਧਾਰਾਂ ਬਾਰੇ ਘੜੀਆਂ ਗਈਆਂ ਨੀਤੀਆਂ ਵਿੱਚ ਉਹਨਾਂ ਦੀ ਅਹਿਮ ਭੂਮਿਕਾ ਬਾਰੇ ਜਾਣਿਆਂ ਜਾਂਦਾ ਹੈ। ਪਰ ਉਹਨਾਂ ਦੀ ਭਾਰਤੀ ਸੰਵਿਧਾਨ ਅਨੁਸਾਰ ਆਮ ਲੋਕਾਂ ਨੂੰ ਦਿੱਤੇ ਉਹਨਾਂ ਤੋਹਫ਼ਿਆਂ ਦੀ ਦੇਣ ਵੱਡੀ ਹੈ, ਜਿਹਨਾਂ ਨੇ ਗਰੀਬ, ਨਿਤਾਣੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਿਆਂ ਚੁੱਕਣ ਲਈ ਸਾਰਥਿਕ ਭੂਮਿਕਾ ਨਿਭਾਈ।

ਡਾ: ਮਨਮੋਹਨ ਸਿੰਘ 10 ਸਾਲ ਤੋਂ ਵੱਧ ਦਾ ਸਮਾਂ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਇਹਨਾਂ ਵਰ੍ਹਿਆਂ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਹ ਨਿਧੜਕ ਹੋ ਕੇ ਕੰਮ ਕਰਦੇ ਰਹੇ, ਭਾਵੇਂ ਕਿ ਉਹਨਾਂ ਦੀ ਸਰਕਾਰ ਦੇ ਸਾਂਝੀਵਾਲਾਂ ਅਤੇ ਵਿਰੋਧੀਆਂ ਵਲੋਂ ਉਹਨਾਂ ਨੂੰ ਸਮੇਂ-ਸਮੇਂ ਵੱਡੇ ਚੈਲਿੰਜ ਪੇਸ਼ ਕੀਤੇ, ਜਿਹਨਾਂ ਦਾ ਉਹਨਾਂ ਬੇਖੌਫ਼ ਹੋ ਕੇ ਸਾਹਮਣਾ ਕੀਤਾ। ਹਾਲਾਂਕਿ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਉਹਨਾਂ ਦਾ ਦੂਜਾ ਕਾਰਜਕਾਲ ਵਿਵਾਦਾਂ ਵਾਲਾ ਰਿਹਾ। ਉਹਨਾਂ ਦੇ ਕਈ ਮੰਤਰੀਆਂ ਉੱਤੇ ਘੁਟਾਲੇ ਦੇ ਦੋਸ਼ ਲੱਗੇ, ਉਹਨਾਂ ਨੂੰ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਕਿਹਾ ਜਾਣ ਲੱਗਿਆ ਪਰ ਉਹ ਕਦੇ ਸੱਚਾਈ ਤੋਂ ਪਿੱਛੇ ਨਹੀਂ ਹਟੇ। ਬੇਸ਼ੱਕ ਉਹ ਘੱਟ ਬੋਲਦੇ ਸਨ ਅਤੇ ਲੋਕਾਂ ਨੂੰ ਲੱਗਦਾ ਸੀ ਕਿ ਉਹ ਸਾਹਸੀ ਨਹੀਂ ਹਨ, ਪਰ ਉਹਨਾਂ ਨੇ ਆਪਣੀ ਸਰਕਾਰ ਨੂੰ ਦਾਅ 'ਤੇ ਲਗਾ ਕੇ ਜਿਸ ਤਰ੍ਹਾਂ ਅਮਰੀਕਾ ਦੇ ਨਾਲ ਪਰਮਾਣੂ ਸਮਝੌਤਾ ਕੀਤਾ, ਉਹ ਉਹਨਾਂ ਦੀ ਹਿੰਮਤ ਦੀ ਦਾਦ ਦੇਣ ਵਾਲਾ ਸੀ।




ਗੁਰਮੀਤ ਸਿੰਘ ਪਲਾਹੀ

98158-02070


ਉਹਨਾਂ ਨੇ ਸੂਚਨਾ ਦਾ ਅਧਿਕਾਰ ਕਾਨੂੰਨ, ਸਿੱਖਿਆ ਦਾ ਅਧਿਕਾਰ ਕਾਨੂੰਨ, ਭੋਜਨ ਦਾ ਅਧਿਕਾਰ ਕਾਨੂੰਨ ਅਤੇ ਆਪਣੇ ਪ੍ਰਧਾਨ ਮੰਤਰੀ ਹੋਣ ਦੇ ਆਖ਼ਰੀ ਸਾਲਾਂ 'ਚ ਉਹਨਾਂ ਨੇ ਲੋਕਪਾਲ ਕਾਨੂੰਨ ਬਣਾ ਕੇ ਇਹ ਸਾਬਤ ਕਰ ਦਿੱਤਾ ਕਿ ਉਹਨਾਂ ਦਾ ਲਗਾਅ ਅਤੇ ਸਾਂਝ ਆਮ ਲੋਕਾਂ ਦੇ ਜੀਵਨ ਵਿੱਚ ਬੇਹਤਰੀ ਅਤੇ ਸ਼ਾਸ਼ਨ ਪ੍ਰਸ਼ਾਸ਼ਨ ਵਿੱਚ ਪਾਰਦਰਸ਼ਤਾ ਲਿਆਉਣ ਦੀ ਸੀ। ਇਹੋ ਹੀ ਕਾਰਨ ਹੈ ਕਿ ਉਹ ਲੋਕ ਜਿਹੜੇ ਕਦੇ ਭਾਰਤ ਦੇ ਇਸ ਸੂਝਵਾਨ, ਵਿਚਾਰਕ ਪ੍ਰਧਾਨ ਮੰਤਰੀ ਨੂੰ 'ਮੋਨ ਪ੍ਰਧਾਨ ਮੰਤਰੀ' ਕਹਿੰਦੇ ਸਨ, ਉਹਨਾਂ ਦੀ ਆਲੋਚਨਾ ਕਰਿਆ ਕਰਦੇ ਸਨ, ਅੱਜ ਉਹਨਾ ਦੀ ਪ੍ਰਸ਼ੰਸ਼ਾ ਕਰ ਰਹੇ ਹਨ।

ਡਾ: ਮਨਮੋਹਨ ਸਿੰਘ ਸਾਦਗੀ ਦੇ ਮੁਜੱਸਮੇ ਸਨ। ਘੱਟ ਬੋਲਣ ਵਾਲੇ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾਂ ਨੇ ਸਦਾ ਸੱਚਾਈ ਉੱਤੇ ਯਕੀਨ ਕੀਤਾ। ਇਸੇ ਲਈ ਉਹਨਾਂ ਦਾ ਵਿਅਕਤੀਗਤ ਜੀਵਨ ਸਦਾ ਬੇਦਾਗ਼ ਰਿਹਾ। ਉਹ ਵਿਵਹਾਰਿਕ ਰੂਪ 'ਚ ਜ਼ਮੀਨੀ ਨੇਤਾ ਨਹੀਂ ਸਨ। (ਉਹ ਕਦੇ ਵੀ ਲੋਕ ਸਭਾ ਦੀ ਚੋਣ ਨਾ ਜਿੱਤ ਸਕੇ।) ਪਰ ਦੇਸ਼ ਦੇ ਲੋਕਾਂ ਦੀ ਰਗ-ਰਗ ਨੂੰ ਪਛਾਨਣ ਵਾਲੀ ਸਖ਼ਸ਼ੀਅਤ ਸਨ।

ਉਹਨਾਂ ਦਾ ਲੋਕਾਂ ਪ੍ਰਤੀ ਅਥਾਹ ਪਿਆਰ ਸੀ। ਉਹ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਸਮਝਦੇ ਸਨ। ਇਸੇ ਲਈ ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਲੈ ਕੇ ਫ਼ਿਕਰਮੰਦ ਰਹਿੰਦੇ ਸਨ।

ਭਾਰਤ ਦੇ ਵਿੱਤ ਮੰਤਰੀ ਵਜੋਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਉਹਨਾਂ ਨੇ ਦੇਸ਼ 'ਚ ਉਦਾਰੀਕਰਨ ਦੀ ਨੀਤੀ ਲਿਆਂਦੀ। ਬਿਨ੍ਹਾਂ ਸ਼ੱਕ ਡਾ: ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਰਜਕਾਲ ਵਿੱਚ ਲਾਗੂ ਕੀਤੀਆਂ ਨੀਤੀਆਂ ਨਾਲ ਦੇਸ਼ ਨੇ ਵਿਕਾਸ ਦੀਆਂ ਵੱਡੀਆਂ ਪੁਲਾਘਾਂ ਪੁੱਟੀਆਂ, ਪਰ ਇਸਦੇ ਨਾਲ-ਨਾਲ



ਇਹਨਾਂ ਨੀਤੀਆਂ ਨਾਲ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਡਾ: ਮਨਮੋਹਨ ਸਿੰਘ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ ਤੇ ਉਹਨਾਂ ਨੇ ਇਸ ਨੂੰ ਮੁੱਖ ਰੱਖਦਿਆਂ ਬਹੁਤ ਸਾਰੀਆਂ ਗਰੀਬ ਅਤੇ ਹੇਠਲੇ ਮੱਧ ਵਰਗ ਨੂੰ ਰਾਹਤ ਦੇਣ ਵਾਲੀਆਂ ਸਕੀਮਾਂ ਤੇ ਨੀਤੀਆਂ ਲਾਗੂ ਕੀਤੀਆਂ ਸਨ, ਜਿਹਨਾਂ ਨਾਲ ਕਿ ਭਾਰਤੀ ਸਮਾਜ ਵਿੱਚ ਵਧਦੇ ਆਰਥਿਕ ਪਾੜੇ ਨੂੰ ਘਟਾਇਆ ਜਾ ਸਕੇ।

ਡਾ: ਮਨਮੋਹਨ ਸਿੰਘ ਵਲੋਂ ਕੀਤੇ ਵਿਸ਼ੇਸ਼ ਕਾਰਜਾਂ, ਜਿਹਨਾਂ ਵਿੱਚ 'ਅਧਾਰ ਕਾਰਡ' ਵੀ ਸ਼ਾਮਲ ਹੈ, ਦੀ ਵਿਰੋਧੀ ਧਿਰ ਵਲੋਂ ਵਿਰੋਧਤਾ ਕੀਤੀ ਗਈ ਸੀ, ਪਰ ਇਸਨੂੰ ਲਾਗੂ ਕਰਨ ਲਈ ਡਾ: ਮਨਮੋਹਨ ਸਿੰਘ ਨੇ ਪਹਿਲ ਕਦਮੀ ਕੀਤੀ। ਉਹੀ ਵਿਰੋਧੀ ਧਿਰ (ਜਿਹੜੀ ਅੱਜ ਹਾਕਮ ਧਿਰ ਹੈ), ਇਸ ਆਧਾਰ ਕਾਰਡ ਨੂੰ ਪੂਰੇ ਦੇਸ਼ ਦੇ ਨਾਗਰਿਕਾਂ ਲਈ ਸ਼ਨਾਖ਼ਤੀ ਕਾਰਡ ਵਜੋਂ ਮੰਨਣ 'ਤੇ ਮਜਬੂਰ ਹੋਈ ਦਿਸਦੀ ਹੈ। ਇਹ ਅਧਾਰ ਕਾਰਡ ਉਸ ਵੇਲੇ ਸ਼ੁਰੂ ਕੀਤਾ ਗਿਆ ਸੀ, ਜਦੋਂ ਦੇਸ਼ ਦੇ ਨਾਗਰਿਕਾਂ ਕੋਲ ਕੋਈ ਸ਼ਨਾਖਤੀ ਕਾਰਡ ਹੀ ਨਹੀਂ ਸੀ, ਜਦਕਿ ਵਿਕਸਤ ਦੇਸ਼ ਆਪਣੇ ਨਾਗਰਿਕਾਂ ਲਈ ਖ਼ਾਸ ਨੰਬਰ ਜਾਰੀ ਕਰਦੇ ਹਨ, ਜੋ ਭਾਰਤ ਦੇ ਨਾਗਰਿਕਾਂ ਕੋਲ ਨਹੀਂ ਸੀ।

ਮਗਨਰੇਗਾ (ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇਮਪਲਾਇਮੈਂਟ ਗਰੰਟੀ ਐਕਟ) ਡਾ: ਮਨਮੋਹਨ ਸਿੰਘ ਵਲੋਂ ਸ਼ੁਰੂ ਕਰਵਾਈ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਸੀ, ਜਿਹੜੀ ਪੇਂਡੂ ਲੋਕਾਂ ਨੂੰ 100 ਦਿਨਾਂ ਦਾ ਕਾਨੂੰਨੀ ਰੁਜ਼ਗਾਰ ਦਿੰਦੀ ਸੀ। ਇਸ ਯੋਜਨਾ 'ਚ ਘੱਟੋ-ਘੱਟ ਮਜ਼ਦੂਰੀ 220 ਰੁਪਏ ਉਸ ਸਮੇਂ ਨੀਅਤ ਕੀਤੀ ਗਈ। ਪਰ ਕਿਉਂਕਿ ਡਾ: ਮਨਮੋਹਨ ਸਿੰਘ ਤੋਂ ਬਾਅਦ ਸਰਕਾਰ, ਭਾਜਪਾ ਅਤੇ ਉਹਨਾਂ ਦੇ ਸਹਿਯੋਗੀਆਂ ਹੱਥ ਆ ਗਈ, ਉਹਨਾਂ ਵਲੋਂ ਇਸ ਯੋਜਨਾ ਨੂੰ ਉਹ ਥਾਂ ਪ੍ਰਦਾਨ ਨਹੀਂ ਕੀਤੀ, ਜਿਹੜੀ ਇਸ ਪੇਂਡੂ ਰੁਜ਼ਗਾਰ ਯੋਜਨਾ ਲਈ ਲੋੜੀਂਦੀ ਸੀ। ਵਰ੍ਹੇ ਦਰ ਵਰ੍ਹੇ ਮਗਨਰੇਗਾ ਫੰਡਾਂ 'ਚ ਕਟੌਤੀ ਹੋਈ ਅਤੇ ਘੱਟੋ-ਘੱਟ ਰੋਜ਼ਾਨਾ ਦਿਹਾੜੀ ਵੀ ਵਧਾਈ ਨਹੀਂ ਗਈ। ਯਾਦ ਰੱਖਣਯੋਗ ਹੈ ਕਿ ਇਹ ਯੋਜਨਾ, ਦੁਨੀਆਂ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਹੈ।

ਡਾ: ਮਨਮੋਹਨ ਸਿੰਘ ਦੀ ਵੱਡੀ ਪ੍ਰਾਪਤੀ ਭਾਰਤੀ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ ਦਾ ਲਾਗੂ ਕੀਤਾ ਜਾਣਾ ਸੀ। ਇਸ ਐਕਟ ਨਾਲ ਉਹਨਾਂ ਗਰੀਬੀ ਵਰਗ ਦੇ ਲੋਕਾਂ ਨੂੰ ਰਾਹਤ ਮਿਲੀ, ਜਿਹਨਾਂ ਦੇ ਬੱਚਿਆਂ ਨੂੰ ਸਕੂਲ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ, ਹਾਲਾਂਕਿ ਸੰਵਿਧਾਨ ਵਿੱਚ ਦੇਸ਼ ਦੇ ਹਰ ਨਾਗਰਿਕ ਲਈ ਸਿੱਖਿਆ ਮੁੱਢਲਾ ਹੱਕ ਹੈ। ਬਿਨ੍ਹਾਂ ਸ਼ੱਕ ਇਸ ਐਕਟ ਨੂੰ ਅੱਗੋਂ "ਸਭ ਲਈ ਸਿੱਖਿਆ, ਪਰ ਸਭ ਲਈ ਬਰਾਬਰ ਦੀ ਸਿੱਖਿਆ" ਵਿੱਚ ਬਦਲਣਾ ਲੋੜੀਂਦਾ ਸੀ, ਪਰ ਦੇਸ਼ ਦੇ ਹੁਣ ਹਾਕਮ ਕਿਉਂਕਿ ਧੰਨ-ਕੁਬੇਰਾਂ, ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਲੇ ਹਨ, ਉਹਨਾਂ ਲਈ ਲੋਕਾਂ ਦੀ ਸਿੱਖਿਆ, ਸਿਹਤ, ਚੰਗਾ ਵਾਤਾਵਰਨ ਕੋਈ ਮਾਅਨੇ ਨਹੀਂ ਰੱਖਦਾ। ਇਸ ਕਰਕੇ ਉਹਨਾਂ ਵਲੋਂ ਅੱਗੋਂ ਕਦਮ ਹੀ ਨਹੀਂ ਪੁੱਟੇ ਗਏ। ਸਗੋਂ ਸਿੱਖਿਆ ਦੇ ਨਿੱਜੀਕਰਨ ਵੱਲ ਕਦਮ ਵਧਾਏ।

ਡਾ: ਮਨਮੋਹਨ ਸਿੰਘ ਵਲੋਂ ਲਾਗੂ ਕੀਤਾ ਨੈਸ਼ਨਲ ਫੂਡ ਸਕਿਉਰਿਟੀ ਐਕਟ ਦੇਸ਼ ਦੇ ਹਰ ਨਾਗਰਿਕ ਲਈ ਭੋਜਨ ਅਤੇ ਸੰਤੁਲਿਤ ਭੋਜਨ ਦੇਣ ਦੀ ਸ਼ਾਹਦੀ ਭਰਦਾ ਹੈ ਤਾਂ ਕਿ ਦੇਸ਼ ਦਾ ਆਮ ਨਾਗਰਿਕ ਭੁੱਖਾ ਨਾ ਸੌਂਵੇ ਅਤੇ ਭੋਜਨ ਉਸਦੀ ਪਹੁੰਚ 'ਚ ਹੋਵੇ। ਇਸ ਐਕਟ ਦੇ ਤਹਿਤ 81.34 ਕਰੋੜ ਭਾਰਤੀ ਲੋਕਾਂ ਨੂੰ ਇੱਕ ਜਾਂ ਦੋ ਰੁਪਏ ਕਿਲੋ ਕੀਮਤ ਉੱਤੇ ਅਨਾਜ ਮੁਹੱਈਆ ਕੀਤਾ ਗਿਆ। ਇਸ ਐਕਟ ਦੇ ਲਾਗੂ ਹੋਣ ਦੇ 10 ਸਾਲਾਂ ਬਾਅਦ ਤੱਕ ਵੀ ਇੱਕ ਸਰਵੇ ਅਨੁਸਾਰ 19 ਕਰੋੜ ਇਹੋ ਜਿਹੇ ਲੋਕ ਹਨ, ਜਿਹੜੇ ਅੱਜ ਵੀ





ਭੁੱਖਮਰੀ ਦਾ ਸ਼ਿਕਾਰ ਹਨ। ਔਰਤਾਂ ਅਨੀਮੀਆ ਦਾ ਸ਼ਿਕਾਰ ਹਨ। ਬੱਚਿਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ। ਕਾਰਨ ਭਾਵੇਂ ਹੋਰ ਬਥੇਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਹੈ। ਕੰਮ ਦੀ ਘਾਟ ਹੈ। ਪਰ ਸਰਕਾਰ ਇਸ ਮਾਮਲੇ 'ਤੇ ਬੇਫ਼ਿਕਰ ਹੈ ਅਤੇ ਚੁੱਪ ਹੈ।



ਪਰ ਡਾ: ਮਨਮੋਹਨ ਸਿੰਘ ਕਿਉਂਕਿ ਲੋਕ ਹਿੱਤਾਂ ਦੀ ਰਾਖੀ ਕਰਨ ਵਾਲੇ ਜਾਣੇ ਜਾਂਦੇ ਸਨ, ਇਸੇ ਕਰਕੇ ਉਹਨਾ ਨੇ ਇਹੋ ਜਿਹੇ ਕਾਨੂੰਨ ਚੁੱਪ-ਚੁਪੀਤੇ ਪੂਰੀ ਮਿਹਨਤ ਅਤੇ ਸ਼ਿੱਦਤ ਨਾਲ ਬਣਾਏ, ਜਿਹਨਾਂ ਦਾ ਵਾਸਤਾ ਸਿੱਧਾ ਆਮ ਲੋਕਾਂ ਨਾਲ ਸੀ। ਉਹਨਾਂ ਸਭਨਾਂ ਕਾਰਜਾਂ ਦੇ ਵਿੱਚ ਇੱਕ ਕਾਰਜ ਇਹੋ ਜਿਹਾ ਸੀ, ਜਿਹੜਾ ਦੇਸ਼ ਦੇ ਹਰ ਨਾਗਰਿਕ ਨੂੰ ਹਰ ਕਿਸਮ ਦੀ ਸੂਚਨਾ ਲੈਣ ਦਾ ਅਧਿਕਾਰ ਦਿੰਦਾ ਸੀ। ਸੂਚਨਾ ਦੇ ਅਧਿਕਾਰ ਨੇ ਵੱਡੇ ਧੁਰੰਤਰਾਂ ਦੇ ਪੋਲ ਖੋਲ੍ਹੇ। ਅਧਿਕਾਰੀ ਅਤੇ ਵੱਡੇ ਸਿਆਸੀ ਘਾਗ ਜਿਹੜੇ ਆਪਣੇ ਕੀਤੇ ਬੁਰੇ ਕੰਮਾਂ ਨੂੰ ਲੁਕਾਉਣ ਲਈ ਜਾਣੇ ਜਾਂਦੇ ਸਨ, ਉਹਨਾ ਦਾ ਪਰਦਾ ਇਸ ਕਾਨੂੰਨ ਨਾਲ ਨੰਗਾ ਹੋਇਆ। ਭਾਵੇਂ ਕਿ ਇਸ ਸੂਚਨਾ ਦੇ ਅਧਿਕਾਰ ਨੂੰ ਅੱਜ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਅਤੇ ਅਧਿਕਾਰੀ ਸੂਚਨਾਵਾਂ ਦੇਣ ਲਈ ਟਾਲ ਮਟੋਲ ਕਰਦੇ ਹਨ, ਪਰ ਇਸ ਐਕਟ ਨੇ ਲੋਕਾਂ ਲਈ ਇਨਸਾਫ਼ ਲੈਣ ਦਾ ਰਾਹ ਖੋਲ੍ਹਿਆ।

ਆਪਣੇ ਰਾਜ ਭਾਗ ਦੇ ਅੰਤਲੇ ਸਮੇਂ ਦੌਰਾਨ ਲੋਕ ਪਾਲ ਬਿੱਲ ਪਾਸ ਕਰਕੇ ਡਾ: ਮਨਮੋਹਨ ਸਿੰਘ ਨੇ ਵਿਖਾ ਦਿੱਤਾ ਸੀ ਕਿ ਉਹ ਦੇਸ਼ ਵਿੱਚ ਪਾਰਦਰਸ਼ਤਾ ਦੇ ਵੱਡੇ ਹਾਮੀ ਹਨ। ਉਹਨਾਂ ਦੀ ਸਰਕਾਰ ਉੱਤੇ ਵਿਰੋਧੀਆਂ ਵਲੋਂ ਇਸ ਬਿੱਲ ਨੂੰ ਪਾਸ ਕਰਨ ਵਾਸਤੇ ਵੱਡਾ ਦਬਾਅ ਪਾਇਆ ਹੋਇਆ ਸੀ, ਪਰ ਇਹ ਲੋਕ ਪਾਲ ਬਿੱਲ ਦੇਸ਼ ਵਿੱਚ ਅਤੇ ਕਈ ਸੂਬਿਆਂ ਦੀਆਂ ਸਰਕਾਰਾਂ ਵਲੋਂ ਪਾਸ ਹੋਣ ਦੇ ਬਾਵਜੂਦ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਇਹ ਸਿਆਸੀ ਲੋਕਾਂ ਦੇ ਦਾਗੀ ਚਿਹਰੇ ਨੰਗੇ ਕਰਨ ਵਾਲਾ ਐਕਟ ਸੀ।

ਡਾ: ਮਨਮੋਹਨ ਸਿੰਘ ਆਪਣੇ ਸੁਭਾਅ ਅਨੁਸਾਰ, ਦ੍ਰਿੜਤਾ ਨਾਲ ਦੇਸ਼ ਨੂੰ ਪਾਰਦਰਸ਼ੀ ਰਾਜ ਪ੍ਰਬੰਧ ਦੇਣ ਦਾ ਯਤਨ ਕਰਦੇ ਰਹੇ, ਦੇਸ਼ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਸਕੀਮਾਂ ਘੜਦੇ ਰਹੇ, ਲੋਕ ਭਲਾਈ ਕਾਰਜਾਂ ਨੂੰ ਸਿਰੇ ਲਾਉਣ ਲਈ ਸੰਵਿਧਾਨ ਅਨੁਸਾਰ ਨੀਤੀਆਂ ਬਣਾਉਂਦੇ ਰਹੇ ਅਤੇ ਮਾਣ ਵਾਲੀ ਗੱਲ ਇਹ ਕਿ ਆਪਣੇ ਵਿਰੋਧੀਆਂ ਦੇ ਹੋ-ਹਲਿਆਂ ਦੇ ਬਾਵਜੂਦ ਸਾਹਸ ਨਾਲ ਉਹਨਾਂ ਦਾ ਮੁਕਾਬਲਾ ਵੀ ਕਰਦੇ ਰਹੇ।

ਡਾ: ਮਨਮੋਹਨ ਸਿੰਘ ਜਿਹੀ ਸਖ਼ਸ਼ੀਅਤ ਉੱਤੇ ਮਰਨ ਉਪਰੰਤ ਵਿਸ਼ਵ ਪੱਧਰੀ ਇਸ ਸਖ਼ਸ਼ੀਅਤ ਦੀ ਸਮਾਰਕ ਬਣਾਉਣ ਉੱਤੇ ਵਿਵਾਦ ਉਤਨਾ ਹੀ ਨਿੰਦਣਯੋਗ ਹੈ, ਜਿੰਨਾਂ ਨਿੰਦਣਯੋਗ ਉਹਨਾਂ ਦੇ ਅੰਤਿਮ ਸਸਕਾਰ ਲਈ ਰਾਜ ਘਾਟ ਵਿਖੇ ਸਥਾਨ ਨਾ ਦੇਣਾ, ਕਿਉਂਕਿ ਹੁਣ ਤੱਕ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੇ ਰੁਤਬੇ ਦਾ ਸਨਮਾਨ ਕਰਦੇ ਹੋਏ ਸਸਕਾਰ ਅਧਿਕਾਰਤ ਸਮਾਧੀ ਵਾਲੀਆਂ ਥਾਵਾਂ ਉੱਤੇ ਹੀ ਕੀਤੇ ਗਏ, ਤਾਂ ਜੋ ਹਰ ਵਿਅਕਤੀ ਦਰਸ਼ਨ ਕਰ ਸਕੇ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਨੇ ਇੰਜ ਨਾ ਕਰਕੇ ਉਹਨਾਂ ਦਾ ਨਿਰਾਦਰ ਕੀਤਾ ਹੈ।

ਡਾ: ਮਨਮੋਹਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਜ਼ੋਰ ਨਾਲ ਜਗਤ ਪ੍ਰਸਿੱਧ ਯੂਨੀਵਰਸਿਟੀ ਕੈਂਬਰਿਜ਼, ਆਕਸਫੋਰਡ ਵਿੱਚ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ। ਉਹ ਭਾਰਤ ਸਰਕਾਰ ਦੇ ਸਲਾਹਕਾਰ, ਵਿੱਤ ਮੰਤਰਾਲੇ ਦੇ ਮੁੱਖ ਸਲਾਹਕਾਰ, ਯੋਜਨਾ ਆਯੋਗ ਦੇ ਮੈਂਬਰ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਫਿਰ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਬਣੇ।

ਉਹ ਜ਼ਿੰਦਗੀ ਭਰ ਆਪਣੇ-ਆਪ ਨੂੰ ਦੇਸ਼ ਦਾ ਕਰਜ਼ਦਾਰ ਸਮਝਦੇ ਰਹੇ ਕਿ ਦੇਸ਼ ਦੀ ਵੰਡ ਦੇ ਬਾਅਦ ਇੱਕ ਬੇਘਰ ਹੋਏ ਆਦਮੀ ਨੂੰ ਦੇਸ਼ ਨੇ ਉੱਚ ਅਹੁਦੇ ਉੱਤੇ ਬਿਰਾਜਮਾਨ ਕੀਤਾ।

● ● ●

**ਜਦੋਂ ਕਿਸੇ ਰਿਸ਼ਤੇ ਵਿਚ ਜਿੱਦ ਤੇ ਆਕੜ ਆ ਜਾਵੇ ਤਾਂ ਇਹ ਦੋਵੇਂ ਜਿੱਤ ਜਾਂਦੇ ਨੇ ਪਰ ਉਹ ਰਿਸ਼ਤਾ ਹਾਰ ਜਾਂਦਾ ਹੈ।**

# ਖ਼ੁਸ਼ਆਮਦੀਦ ਸਾਲ 2025

**ਸੁਰਿੰਦਰ ਸਿੰਘ ਰੂਬੀ (ਸੰਪਾਦਕ), 98141-28181**

ਅਲਵਿਦਾ ਸਾਲ 2024! ਖ਼ੁਸ਼-ਆਮਦੀਦ ਨਵਾਂ ਸਾਲ 2025! ਇਹ ਸ਼ਬਦ ਜਿਥੇ ਆਉਣ ਵਾਲੇ ਸਮੇਂ ਲਈ ਆਸ ਭਰਪੂਰ ਹੁੰਗਾਰਾ ਹਨ, ਉਥੇ ਬੀਤੇ ਵਰ੍ਹੇ ਦੀਆਂ ਖੱਟੀਆਂ-ਮਿੱਠੀਆਂ ਅਤੇ ਕੌੜੀਆਂ-ਕਸੈਲੀਆਂ ਯਾਦਾਂ ਨੂੰ ਵੀ ਸਮੋਈ ਬੈਠੇ ਹਨ। ਪੁਰਾਣੇ ਸਮੇਂ ਵਿਚ ਨਵੇਂ ਸਾਲ ਦੇ ਪਹਿਲੇ ਦਿਨ ਨੂੰ ਪਵਿੱਤਰ ਦਿਨ ਮੰਨਿਆ ਜਾਂਦਾ ਸੀ। ਲੋਕ ਧਾਰਮਿਕ ਸਥਾਨਾਂ, ਮੰਦਰਾਂ, ਮਸਜਿਦਾਂ, ਚਰਚਾਂ ਅਤੇ ਗੁਰਦੁਆਰਿਆਂ ਵਿਚ ਜਾ ਕੇ ਸਰਬੱਤ ਦੇ ਭਲੇ ਅਤੇ ਚੰਗੇ ਕਰਮਾਂ ਲਈ ਅਰਦਾਸ ਕਰਦੇ ਸਨ। ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਹੀ ਬੀਤੇ ਸਾਲ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਸਾਲ 2024 ਆਪਣੀਆਂ ਕੌੜੀਆਂ-ਮਿੱਠੀਆਂ ਯਾਦਾਂ ਸਮੇਟਦੇ ਹੋਏ ਵਿਦਾ ਹੋਇਆ ਹੈ। ਇਹ ਯਾਦਾਂ ਕੌਮਾਂਤਰੀ ਘਟਨਾਵਾਂ ਨੂੰ ਲੈ ਕੇ ਵੀ ਹੁੰਦੀਆਂ ਹਨ ਅਤੇ ਰਾਸ਼ਟਰੀ ਘਟਨਾਵਾਂ ਨੂੰ ਲੈ ਕੇ ਵੀ। ਬੀਤ ਗਿਆ ਸਾਲ 2024 ਕਿਨ੍ਹਾਂ ਖ਼ਾਸ ਗੱਲਾਂ ਲਈ ਯਾਦ ਰੱਖਿਆ ਜਾਵੇਗਾ ਜਾਂ ਇਸ ਸਾਲ ਦੀਆਂ ਕਿਹੜੀਆਂ ਇਸ ਤਰ੍ਹਾਂ ਦੀਆਂ ਗੱਲਾਂ ਜਾਂ ਘਟਨਾਵਾਂ ਹਨ, ਜਿਨ੍ਹਾਂ ਦੀਆਂ ਯਾਦਾਂ ਦੇਸ਼, ਦੁਨੀਆ ਦੇ ਇਤਿਹਾਸ ਵਿਚ ਦਰਜ ਹੋ ਜਾਣਗੀਆਂ ਅਤੇ ਜੋ ਸਾਡੇ ਭਵਿੱਖ ਨੂੰ ਵੀ ਪ੍ਰਭਾਵਿਤ ਕਰਦੀਆਂ ਰਹਿਣਗੀਆਂ?

ਇਸ ਸਾਲ ਵਿਵਾਦਾਂ ਦਰਮਿਆਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਗ੍ਰਿਫ਼ਤਾਰੀ, ਆਮ ਚੋਣਾਂ ਵਿਚ ਭਾਜਪਾ ਦਾ ਕਮਜ਼ੋਰ ਪ੍ਰਦਰਸ਼ਨ ਪਰ ਨਰਿੰਦਰ ਮੋਦੀ ਦਾ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ, ਕਾਂਗਰਸ ਦੀ ਹਾਲਤ ਵਿਚ ਸੁਧਾਰ ਹੋ ਕੇ ਰਾਹੁਲ ਗਾਂਧੀ ਦਾ ਲੋਕ ਸਭਾ ਵਿਚ ਵਿਰੋਧੀ ਦਲ ਦਾ ਨੇਤਾ ਬਣਨਾ ਇਸ ਸਾਲ ਦੀਆਂ ਵਰਣਨਯੋਗ ਘਟਨਾਵਾਂ ਰਹੀਆਂ।

ਇਹ ਸਾਲ ਨਿਆਂਪਾਲਿਕਾ ਅਤੇ ਚੋਣ ਕਮਿਸ਼ਨ ਵਰਗੀਆਂ ਮਹੱਤਵਪੂਰਨ ਸੰਵਿਧਾਨਿਕ ਸੰਸਥਾਵਾਂ ਦੀ ਸਾਖ਼ ਡਿੱਗਣ ਲਈ ਵੀ ਯਾਦ ਕੀਤਾ ਜਾਵੇਗਾ। ਇਸ ਸਾਲ ਲੋਕ ਸਭਾ ਦੀਆਂ ਚੋਣਾਂ ਸਮੇਤ ਅੱਠ ਰਾਜਾਂ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਲੋਕ ਸਭਾ ਚੋਣਾਂ ਵਿਚ ਸੀਟਾਂ ਦੇ ਲਿਹਾਜ਼ ਨਾਲ ਭਾਜਪਾ ਨੂੰ ਭਾਵੇਂ ਤਕੜਾ ਝਟਕਾ ਲੱਗਿਆ, ਪਰ ਉਹ ਲਗਾਤਾਰ ਤੀਜੀ ਵਾਰ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਰਹੀ। ਇਸ ਤੋਂ ਇਲਾਵਾ ਪੰਜ ਰਾਜਾਂ ਵਿਚ ਵੀ ਉਸ ਦੇ ਗੱਠਜੋੜ ਦੀ ਸਰਕਾਰ ਬਣੀ।

ਅੰਤਰ-ਰਾਸ਼ਟਰੀ ਬਾਜ਼ਾਰ ਵਿਚ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਡਿਗਣ ਦਾ ਸਿਲਸਿਲਾ ਇਸ ਸਾਲ ਵੀ ਬਣਿਆ ਰਿਹਾ ਅਤੇ ਉਹ ਸਭ ਤੋਂ ਬੁਰੀ ਤਰ੍ਹਾਂ ਡਿਗਣ ਵਾਲੀ ਏਸ਼ਿਆਈ ਮੁਦਰਾ ਬਣ ਗਿਆ। ਪਿਛਲੇ ਦੋ ਸਾਲਾਂ ਵਿਚ ਭਾਰਤ ਸਰਕਾਰ ਨੇ ਆਪਣਾ ਖਰਚ ਚਲਾਉਣ ਲਈ ਰਿਜ਼ਰਵ ਬੈਂਕ ਦੇ ਰਿਜ਼ਰਵ ਫੰਡ ਤੋਂ ਇਕ ਵਾਰ ਨਹੀਂ, ਦੋ-ਦੋ ਵਾਰ ਪੈਸੇ ਲਏ ਸਨ। ਇਸ ਸਾਲ ਉਸ ਨੇ ਜਨਤਾ 'ਤੇ ਟੈਕਸ ਦਾ ਬੋਝ ਵਧਾਇਆ, ਸਿੱਖਿਆ ਅਤੇ ਸਿਹਤ ਦੇ ਬਜਟ ਵਿਚ ਕਟੌਤੀ ਕੀਤੀ ਅਤੇ ਸਰਕਾਰੀ ਸਾਜ਼ੋ ਸਾਮਾਨ ਅਤੇ ਸੇਵਾਵਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦਾ ਸਿਲਸਿਲਾ ਜਾਰੀ ਰੱਖਿਆ।

ਸਾਲ 2024 ਨੂੰ ਭਾਰਤੀ ਅਰਥ-ਵਿਵਸਥਾ ਦੇ ਚਮਕਣ ਲਈ ਵੀ ਯਾਦ ਰੱਖਿਆ ਜਾਵੇਗਾ, ਜਿਸ ਦੇ ਨਤੀਜੇ ਦੇ ਤੌਰ 'ਤੇ ਦੇਸ਼ ਵਿਚ ਗ਼ਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਵਿਚ ਅਨੋਖਾ ਵਾਧਾ ਹੋਇਆ ਹੈ। ਇਹ ਵਾਧਾ ਕਿਸ ਪੱਧਰ ਤੱਕ ਪਹੁੰਚ ਗਿਆ ਹੈ, ਇਹ ਜਾਣਨ ਲਈ ਵਧੇਰੇ ਜਾਂਚ ਕਰਨ ਦੀ ਜ਼ਰੂਰਤ ਨਹੀਂ ਹੈ। ਇਸ ਦੀ ਹਾਲਤ ਨੂੰ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਰਾਹੀਂ ਬਹੁਤ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਸੰਯੁਕਤ ਰਾਸ਼ਟਰ ਦੀ ਏਜੰਸੀ ਯੂ.ਐਨ.ਡੀ.ਪੀ. ਨੇ ਸਾਰੇ ਅੰਕੜਿਆਂ ਦੇ ਆਧਾਰ 'ਤੇ ਦੱਸਿਆ ਹੈ ਕਿ ਭਾਰਤ ਟਿਕਾਊ ਵਿਕਾਸ ਦੇ ਮਾਮਲੇ ਵਿਚ ਦੁਨੀਆ ਦੇ 166 ਦੇਸ਼ਾਂ ਵਿਚ 109ਵੇਂ ਨੰਬਰ 'ਤੇ ਹੈ। ਮਾਨਵ ਵਿਕਾਸ ਰਿਪੋਰਟ ਵਿਚ ਭਾਰਤ ਦਾ ਸਥਾਨ 193 ਦੇਸ਼ਾਂ ਵਿਚੋਂ 134ਵਾਂ ਹੈ। ਅਮਰੀਕਾ ਅਤੇ ਜਰਮਨੀ ਜੀਆਂ ਏਜੰਸੀਆਂ ਅਨੁਸਾਰ ਗਲੋਬਲ ਹੰਗਰ ਇੰਡੈਕਸ ਵਿਚ ਦੁਨੀਆ ਦੇ 127 ਦੇਸ਼ਾਂ ਵਿਚੋਂ ਭਾਰਤ 105ਵੇਂ ਨੰਬਰ 'ਤੇ ਹੈ। ਸੰਯੁਕਤ ਰਾਸ਼ਟਰ ਦੇ ਵੈਸ਼ਵਿਕ ਪ੍ਰਸੰਨਤਾ ਸੂਚਕ ਅੰਕ ਵਿਚ ਭਾਰਤ ਦੀ ਸਥਿਤੀ ਲਗਾਤਾਰ ਗਿਰਾਵਟ ਦਰਜ ਹੋ ਰਹੀ ਹੈ ਅਤੇ ਤਾਜ਼ਾ ਰਿਪੋਰਟ ਅਨੁਸਾਰ ਉਹ 143 ਦੇਸ਼ਾਂ ਵਿਚੋਂ 126ਵੇਂ ਨੰਬਰ 'ਤੇ ਹੈ। ਵਿਸ਼ਵ ਪੱਧਰ 'ਤੇ ਭਾਰਤ ਦੀ ਸਾਖ ਸਿਰਫ ਆਰਥਿਕ ਮਾਮਲਿਆਂ ਵਿਚ ਹੀ ਨਹੀਂ ਡਿਗ ਰਹੀ, ਬਲਕਿ ਲੋਕਤੰਤਰ, ਬੋਲਣ ਦੀ ਆਜ਼ਾਦੀ, ਮਨੁੱਖੀ ਅਧਿਕਾਰ ਅਤੇ ਮੀਡੀਆ ਦੀ ਆਜ਼ਾਦੀ ਵਿਚ ਵੀ ਭਾਰਤ ਦੀ ਅੰਤਰਰਾਸ਼ਟਰੀ ਰੈਂਕਿੰਗ ਇਸ ਸਾਲ ਪਹਿਲਾਂ ਤੋਂ ਬਹੁਤ ਥੱਲੇ ਆ ਗਈ ਹੈ।

ਜੇਕਰ ਭਾਰਤ ਦੇ ਸੰਦਰਭ ਵਿਚ ਦੇਖੀਏ ਤਾਂ ਸਾਲ 2024 ਹੈਰਾਨ ਕਰਨ ਵਾਲੀਆਂ ਰਾਜਨੀਤਕ ਘਟਨਾਵਾਂ ਅਤੇ ਸਮਾਜਿਕ ਟਕਰਾਵਾਂ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਦੇ ਚਲਦਿਆਂ ਆਮ ਲੋਕਾਂ ਲਈ ਦੁਸ਼ਵਾਰੀਆਂ ਭਰਿਆ ਰਿਹਾ ਹੈ। ਹਮੇਸ਼ਾ ਦੀ ਤਰ੍ਹਾਂ ਕੁਦਰਤੀ ਆਫ਼ਤਾਂ ਦੇ ਨਾਲ ਹੀ ਭ੍ਰਿਸ਼ਟਾਚਾਰ ਕਾਰਨ, ਮਨੁੱਖ ਵਲੋਂ ਬਣਾਈਆਂ ਆਫ਼ਤਾਂ ਵੀ ਇਸ ਸਾਲ ਬਹੁਤ ਦੇਖਣ ਨੂੰ ਮਿਲੀਆਂ। ਇਸੇ ਹੀ ਸਾਲ ਅਯੁਧਿਆ ਵਿਵਾਦ ਅਤੇ ਹਿੰਦੂਤਵ ਦੀ ਵੰਡ ਪਾਊ ਵਿਚਾਰਧਾਰਾ ਦਾ ਵੀ ਬੋਲਬਾਲਾ ਰਿਹਾ।

ਸਾਲ 2024 ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖ ਜਗਤ ਲਈ ਬੇਹੱਦ ਚੁਣੌਤੀਆਂ ਭਰਪੂਰ ਅਤੇ ਸ਼੍ਰੋਮਣੀ ਅਕਾਲੀ ਦਲ ਲਈ ਉਥਲ-ਪੁਥਲ ਵਾਲਾ ਰਿਹਾ। ਇਸ ਵਰ੍ਹੇ ਦੌਰਾਨ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਸੀਨੀਅਰ ਅਕਾਲੀ ਆਗੂਆਂ ਨੂੰ ਤਲਬ ਕਰਕੇ ਲਗਾਈ ਗਈ ਧਾਰਮਿਕ ਤਨਖਾਹ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਇਕ ਗਰਮ ਖਿਆਲੀ ਆਗੂ ਨਰਾਇਣ ਸਿੰਘ ਚੌੜਾ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਡਿਓੜੀ 'ਚ ਗੋਲੀ ਚਲਾ ਕੇ ਕੀਤਾ ਜਾਨਲੇਵਾ ਹਮਲਾ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਚੌਥੀ ਵਾਰ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਨਿਯੁਕਤੀ, ਲਹਿੰਦੇ ਪੰਜਾਬ ਵਿਚ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਦੀ ਪਾਕਿ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਵਜੋਂ ਨਿਯੁਕਤੀ, ਸਵ: ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਫਖ਼ਰ ਏ ਕੌਮ ਦਾ ਖਿਤਾਬ ਵਾਪਿਸ ਲੈ ਲਏ ਜਾਣ ਅਤੇ ਗੁਰੂ ਘਰਾਂ ਦੇ ਨਿਸ਼ਾਨ ਸਾਹਿਬਾਂ ਦਾ ਰੰਗ ਕੇਸਰੀ ਤੋਂ ਬਦਲ ਕੇ ਬਸੰਤੀ ਤੇ ਸੁਰਮਈ ਕੀਤੇ ਜਾਣ ਦੇ ਅਹਿਮ ਫੈਸਲਿਆਂ ਕਰਕੇ ਜਾਣਿਆ ਜਾਵੇਗਾ।

ਸਾਲ 2024 ਦੌਰਾਨ ਪੰਜਾਬ ਵਿਚ ਵਾਪਰੇ ਘਟਨਾਕ੍ਰਮ 'ਤੇ ਨਜ਼ਰ ਮਾਰੀਏ ਤਾਂ ਇਹ ਸਾਲ ਗੈਂਗਸਟਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀਆਂ ਕਾਰਵਾਈਆਂ ਅਤੇ ਸਾਲ ਦੇ ਅਖੀਰ ਵਿਚ ਮਾਝੇ ਵਿਚ ਵੱਖ-ਵੱਖ ਥਾਣਿਆਂ 'ਤੇ ਹੋਏ ਹਮਲਿਆਂ ਲਈ ਵੀ ਜਾਣਿਆ ਜਾਵੇਗਾ। ਇਹ ਸਾਲ ਹਰਿਆਣੇ ਨੂੰ ਚੰਡੀਗੜ੍ਹ ਵਿਚ ਨਵੀਂ ਵਿਧਾਨ ਸਭਾ ਬਣਾਉਣ ਲਈ ਕੇਂਦਰ ਵੱਲੋਂ ਜ਼ਮੀਨ ਦੇਣ ਦੇ ਯਤਨਾਂ ਅਤੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਵੀ ਚਰਚਿਤ ਰਹੇ।

2020 ਵਿਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਸੰਘਰਸ਼ ਵਿੱਢਣ ਲਈ ਕਿਸਾਨਾਂ ਵੱਲੋਂ 'ਦਿੱਲੀ ਚਲੋ' ਦਾ ਨਾਅਰਾ ਮਾਰਿਆ ਗਿਆ ਅਤੇ ਲੱਖਾਂ ਕਿਸਾਨਾਂ ਵੱਲੋਂ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੱਧ ਸਮਾਂ ਅੰਦੋਲਨ ਚਲਾਇਆ। ਕਿਸਾਨ ਅੰਦੋਲਨ ਸਬੰਧੀ ਕੇਂਦਰ ਸਰਕਾਰ ਨੇ ਲੰਮੇ ਸਮੇਂ ਤੱਕ ਚੁੱਪ ਅਖ਼ਤਿਆਰ ਕਰੀ ਰੱਖੀ ਪਰ ਅਖੀਰ ਵਿਚ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਗਏ ਪਰ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ, ਕਿਸਾਨ ਕਰਜ਼ੇ ਅਤੇ ਕਿਸਾਨ ਅੰਦੋਲਨ ਸਮੇਂ ਕਿਸਾਨਾਂ 'ਤੇ ਦਰਜ ਕੇਸ ਆਦਿ ਵਾਪਸ ਲੈਣ ਦੇ ਮੁੱਦੇ ਲਟਕਦੇ ਰਹੇ। ਆਪਣੀਆਂ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਨੇ 12 ਫਰਵਰੀ ਨੂੰ ਦਿੱਲੀ ਜਾ ਕੇ ਮੁੜ ਤੋਂ ਅੰਦੋਲਨ ਸ਼ੁਰੂ ਕਰਨ ਲਈ 'ਦਿੱਲੀ ਚਲੋ' ਦਾ ਸੱਦਾ ਦਿੱਤਾ ਪਰ ਇਸ ਵਾਰ ਕੇਂਦਰ ਸਰਕਾਰ ਅਤੇ ਹਰਿਆਣਾ ਦੀ ਸਰਕਾਰ ਨੇ ਆਪਣੀ ਤਾਲਮੇਲ ਕਰਕੇ ਅਤੇ ਵੱਡੀ ਪੱਧਰ 'ਤੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਸੁਰੱਖਿਆ ਦਲ ਤਾਇਨਾਤ ਕਰ ਦਿੱਤੇ। ਸੜਕ 'ਤੇ ਕੰਡਿਆਲੀ ਤਾਰਾਂ ਤੋਂ ਇਲਾਵਾ ਵੱਡੀਆਂ-ਵੱਡੀਆਂ ਕਿੱਲਾਂ ਵੀ ਲਗਾ ਦਿੱਤੀਆਂ ਗਈਆਂ। ਕਿਸਾਨਾਂ ਨੇ ਕਈ ਵਾਰ ਅੱਗੇ ਵਧ ਕੇ ਦਿੱਲੀ ਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਸੁਰੱਖਿਆ ਦਲਾਂ ਨੇ ਸਖ਼ਤ ਗੋਲਾਬਾਰੀ ਕਰਕੇ ਤੇ ਅੱਥਰੂ ਗੈਸ ਦੇ ਗੋਲੇ ਛੱਡ ਕੇ ਕਿਸਾਨਾਂ ਨੂੰ ਅੱਗੇ ਨਾ ਵਧਣ ਦਿੱਤਾ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਇੰਜ ਲੰਮੇ ਸਮੇਂ ਤੋਂ ਇਕ ਰਾਜ ਨੇ ਦੂਜੇ ਰਾਜ ਦਾ ਕੌਮੀ ਰਾਜਧਾਨੀ ਵੱਲ ਜਾਣ ਦਾ ਰਸਤਾ ਰੋਕਿਆ ਹੋਇਆ ਹੈ। 28 ਨਵੰਬਰ ਨੂੰ ਪ੍ਰਸਿੱਧ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਖਨੌਰੀ ਦੀ ਸਰਹੱਦ 'ਤੇ ਮਰਨ ਵਰਤ ਸ਼ੁਰੂ ਕਰ ਦਿੱਤਾ, ਜਿਹੜਾ ਕਿ ਇਹ ਸਤਰਾਂ ਲਿਖਣ ਤੱਕ ਜਾਰੀ ਹੈ। ਕਿਸਾਨਾਂ ਵੱਲੋਂ ਕੇਂਦਰ ਸਰਕਾਰ ਦਾ ਧਿਆਨ ਆਪਣੀਆਂ ਮੰਗਾਂ ਵੱਲ ਦਿਵਾਉਣ ਲਈ 30 ਦਸੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ, ਜੋ ਕਿ ਕਾਫੀ ਹੱਦ ਤੱਕ ਸਫਲ ਰਿਹਾ। ਇਹ ਸੰਘਰਸ਼ ਸਾਲ 2024 ਦਾ ਸਭ ਤੋਂ ਵੱਡਾ ਸੰਘਰਸ਼ ਹੈ ਜੋ ਕਿ ਲਗਾਤਾਰ ਜਾਰੀ ਹੈ।

**ਅਕਾਲ ਚਲਾਣੇ :** ਇਸ ਵਰ੍ਹੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਜਲਾਵਤਨ ਸਿੱਖ ਆਗੂ ਭਾਈ ਗਜਿੰਦਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਤੇ ਸਾਬਕਾ ਸਪੀਕਰ ਸੁਰਜੀਤ ਸਿੰਘ ਮਿਨਹਾਸ ਸਿੱਖ ਪੰਥ ਨੂੰ ਸਦੀਵੀ ਵਿਛੋੜਾ ਦੇ ਗਏ। ਇਸ ਵਰ੍ਹੇ ਸਰਦਾਰ ਹਰਵਿੰਦਰ ਸਿੰਘ ਹੰਸਪਾਲ ਜੀ ਵੀ ਅਕਾਲ ਚਲਾਣਾ ਕਰ ਗਏ। ਆਮ ਕਰਕੇ ਉਨ੍ਹਾਂ ਦੀ ਪਹਿਚਾਣ ਇਕ ਨਾਮਧਾਰੀ ਵਜੋਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਕਈ ਨਾਮਵਰ ਸ਼ਖ਼ਸ਼ੀਅਤਾਂ ਆਪਣੀਆਂ ਸੰਸਾਰਕ ਯਾਤਰਾ ਪੂਰੀ ਕਰ ਗਈਆਂ। 11 ਮਈ 2024 ਨੂੰ ਦਿਲ ਦਾ ਦੌਰਾ ਪੈਣ ਕਾਰਨ ਨਾਮਵਰ ਕਵੀ ਸੁਰਜੀਤ ਪਾਤਰ ਦਾ ਸਦੀਵੀ ਵਿਛੋੜਾ ਪੰਜਾਬੀ ਪਾਠਕਾਂ ਲਈ ਉਦਾਸੀ ਦਾ ਕਾਰਨ ਬਣਿਆ। ਇਸ ਵਰ੍ਹੇ ਇਕ ਪ੍ਰਸਿੱਧ ਪੰਜਾਬੀ ਕਵੀ ਮੋਹਨਜੀਤ ਸਿੰਘ, ਕਹਾਣੀਕਾਰ ਸੁਖਜੀਤ, ਲੇਖਕ ਅਤੇ ਅਨੁਵਾਦਕ ਡਾ. ਕਰਨਜੀਤ ਸਿੰਘ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਅੱਜ ਅਸੀਂ ਤਕਨੀਕ, ਵਿਗਿਆਨ ਅਤੇ ਕੰਪਿਊਟਰ ਦੇ ਯੁੱਗ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਦਹਾਕਿਆਂ ਦੇ ਇਸ ਸਫ਼ਰ ਨੇ ਬਹੁਤ ਕੁਝ ਬਦਲ ਦਿੱਤਾ ਹੈ। ਬਹੁਤ ਕੁਝ ਨਵਾਂ ਉਸਾਰਿਆ ਜਾ ਚੁੱਕਾ ਹੈ। ਸਮਾਜਿਕ ਤੌਰ 'ਤੇ ਸਾਡੇ ਅੰਦਰ ਕਿੰਨੀ ਕੁ ਪਰਪੱਕਤਾ ਆਈ ਹੈ, ਅਸੀਂ ਆਪਣੀ ਸੋਚ ਦਾ ਘੇਰਾ ਕਿੰਨਾ ਕੁ ਚੌੜਾ ਕਰ ਸਕੇ ਹਾਂ, ਇਹ ਵੇਖਣ ਸਮਝਣ ਵਾਲੀ ਗੱਲ ਹੈ।

ਨਵਾਂ ਸਾਲ 2025 ਸਾਡੇ ਲਈ ਨਵੇਂ ਸੰਕਲਪ, ਨਵੀਂ ਸੋਚ, ਨਵੀਂ ਆਸ਼ਾ ਅਤੇ ਨਵੀਂ ਤਾਜ਼ਗੀ ਭਰਨ ਆ ਗਿਆ ਹੈ। ਸਾਨੂੰ ਬੀਤੇ ਵਰ੍ਹੇ ਦੀਆਂ ਅਭੁੱਲ ਯਾਦਾਂ ਨੂੰ ਮਨੋ ਵਿਸਾਰ ਕੇ ਅਤੇ ਉਨ੍ਹਾਂ ਤੋਂ ਸਬਕ ਲੈਂਦੇ ਹੋਏ ਨਵੇਂ ਸਾਲ 2025 ਦਾ ਖਿੜੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ। ਇਥੇ ਮੈਨੂੰ ਇਕ ਸ਼ਾਇਰ ਦੀਆਂ ਲਿਖੀਆਂ ਸਤਰਾਂ ਯਾਦ ਆ ਰਹੀਆਂ ਹਨ –

**ਐਸਾ ਭਾਗਾ ਭਰਿਆ ਇਹ ਸਾਲ ਹੋਵੇ।**
**ਹਰ ਕਿਸੇ ਦਾ ਹੱਲ ਸਵਾਲ ਹੋਵੇ।**
**ਬਲੀ ਦਾਜ ਦੀ ਨਾ ਚੜ੍ਹੇ ਕੋਈ,**
**ਤੇ ਨਾ ਕੋਈ ਕਿਸੇ ਹਾਦਸੇ ਦਾ ਸ਼ਿਕਾਰ ਹੋਵੇ।**
**ਖ਼ੁਦਕੁਸ਼ੀ ਕਿਸਾਨ ਨਾ ਕਰੇ ਕੋਈ,**
**ਤੇ ਹਰ ਘਰ ਵਿਚ ਰੋਟੀ-ਦਾਲ ਹੋਵੇ।**
**ਧੀ ਕੁੱਖ 'ਚ ਨਾ ਕਤਲ ਕਰਾਵੇ ਕੋਈ,**
**ਤੇ ਮਾੜਾ ਨਾ ਕਿਸੇ ਦੇ ਮਨ 'ਚ ਖਿਆਲ ਹੋਵੇ।**
**ਹਰ ਕਿਸੇ ਨੂੰ ਪੱਕਾ ਰੁਜ਼ਗਾਰ ਮਿਲੇ,**
**ਸਭ ਦਾ ਜੀਵਨ ਖੁਸ਼ਹਾਲ ਹੋਵੇ।**
**ਐਸਾ ਭਾਗਾ ਭਰਿਆ ਇਹ ਸਾਲ ਹੋਵੇ।**

ਅਲਵਿਦਾ!

**ਕਦੇ ਵੀ ਚਿੰਤਾ ਨਾ ਕਰੋ। ਸਮਾਂ ਚਾਹੇ ਜਿੰਨਾ ਵੀ ਬੁਰਾ ਹੋਵੇ, ਬਦਲਦਾ ਜ਼ਰੂਰੀ ਹੈ।**

# ਗੁਰ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਕਥਾ ਸੁਣਨ ਵਾਲਿਆਂ ਦੀਆਂ ਸਮਾਧੀਆਂ ਲੱਗ ਜਾਂਦੀਆਂ ਸਨ। ਉਨ੍ਹਾਂ ਦਾ ਪੰਥ ਦੇ ਲੀਡਰਾਂ ਤੇ ਭੀ ਬੜਾ ਪ੍ਰਭਾਵ ਸੀ। ਉਨ੍ਹਾਂ ਗੁਰਦੁਆਰਾ ਲਹਿਰ ਵਿਚ ਬਹੁਤ ਸੇਵਾ ਕੀਤੀ ਸੀ।

ਆਪ ਜੀ ਪਿੰਡ ਬੋਪਾਰਾਇ ਵਿਚ ਜੋ ਜ਼ਿਲ੍ਹਾ ਲੁਧਿਆਣਾ ਵਿਚ ਹੈ, ਕਈ-ਕਈ ਦਿਨ ਉਥੇ ਜਾ ਕੇ ਕਥਾ ਕਰਿਆ ਕਰਦੇ ਸਨ। ਉਥੋਂ ਦੀ ਸੰਗਤ ਨੇ ਇਥੇ ਭੀ ਆਪ ਜੀ ਲਈ ਕੁਝ ਕਮਰੇ ਬਣਾ ਦਿੱਤੇ ਸਨ। ਆਪ ਜੀ ਨੇ ਮੁਰਾਲੇ ਸੰਤ ਬਿਸ਼ਨ ਸਿੰਘ ਜੀ ਦੀ ਬਹੁਤ ਸੇਵਾ ਕੀਤੀ ਸੀ ਅਤੇ ਹਮੇਸ਼ਾ ਉਨ੍ਹਾਂ ਦੇ ਪਿਛੋਂ ਉਨ੍ਹਾਂ ਦੀ ਯਾਦ ਵਿਚ ਹੋਣ ਵਾਲੇ ਸਲਾਨਾ ਸਮਾਗਮ ਤੇ 13-14-15 ਭਾਦਰੋਂ ਨੂੰ ਆਪਣੇ ਜਥੇ ਸਮੇਤ ਮੁਰਾਲੇ ਪੁੱਜਦੇ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਆਪ ਸੱਜੀ ਬਾਂਹ ਸਨ। ਇਸ ਲਈ ਆਪ ਜੀ ਨੂੰ ਜਦੋਂ ਭੀ ਮਹਾਂਪੁਰਖ ਯਾਦ ਕਰਦੇ, ਆਪ ਉਦੋਂ ਹੀ ਉਨ੍ਹਾਂ ਦਾ ਬਚਨ ਨਾ ਮੋੜਦੇ ਹੋਏ ਉਨ੍ਹਾਂ ਪਾਸ ਪੁੱਜ ਜਾਂਦੇ ਸਨ ਅਤੇ ਉਨ੍ਹਾਂ ਦੀ ਹਰ ਇਕ ਤਰ੍ਹਾਂ ਆਪ ਸਹਾਇਤਾ ਕਰਦੇ ਸਨ। ਆਪ ਟਾਂਡੇ ਦੇ ਦੀਵਾਨ ਤੇ ਭੀ ਹਮੇਸ਼ਾ ਪੁੱਜਦੇ ਸਨ ਅਤੇ ਨਨਕਾਣੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਭੀ ਪੁੱਜਦੇ ਤੇ ਲੁਬਾਣਾ ਬਰਾਦਰੀ ਦੇ ਬੁੰਗੇ ਵਿਚ ਹੀ ਰਿਹਾਇਸ਼ ਰੱਖਦੇ ਸਨ। ਦਾਸ ਨੂੰ ਜਿਸ ਤਰ੍ਹਾਂ ਕਿ ਮੈਂ ਪਹਿਲੇ ਦੱਸ ਆਇਆ ਹਾਂ ਕਿ ਇਕ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ (ਕਥਾ) ਸੁਣਨ ਦਾ ਸੁਭਾਗ ਆਪ ਜੀ ਤੋਂ ਪ੍ਰਾਪਤ ਹੋਇਆ। ਇਕ ਵੇਰ ਆਪ ਜੀ ਨੂੰ ਜਥੇ ਸਮੇਤ ਆਪਣੇ ਨਗਰ ਭਖੜੇ ਆਲੀ ਵਿਚ ਭੀ ਦਾਸ ਲੈ ਗਿਆ। ਸੰਤ ਬਾਬਾ ਭਾਗ ਸਿੰਘ ਜੀ ਭੀ ਆਪ ਜੀ ਦੇ ਨਾਲ ਸਨ। ਕੁਝ ਦਿਨ ਆਪ ਜੀ ਨੇ ਨਗਰ ਨਿਵਾਸੀਆਂ ਨੂੰ ਕਥਾ ਰਾਹੀਂ ਬੜਾ ਨਿਹਾਲ ਕੀਤਾ। ਆਪ ਜੀ ਕੁਝ ਦਿਨ ਬੀਮਾਰ ਰਹਿਣ ਉਪਰੰਤ 4 ਫੱਗਣ, 1980 ਬਿਕਰਮੀ, 15 ਫਰਵਰੀ, 1930 ਈ. ਨੂੰ ਪਿੰਡ ਬੋਪਾਰਾਇ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਚ ਅਕਾਲ ਚਲਾਣਾ ਕਰ ਗਏ। 14 ਫੱਗਣ ਨੂੰ ਆਪ ਜੀ ਦੀ ਯਾਦ ਵਿਚ ਅਖੰਡ ਪਾਠਾਂ ਦਾ ਭਾਗ ਪਾ ਕੇ ਭਾਰੀ ਜੋੜ ਮੇਲਾ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ, ਸੰਤ ਬਾਬਾ ਬਾਗ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਰਾਗੀ ਜਥੇ ਅਤੇ ਵਿਦਵਾਨ ਇਸ ਸਮਾਗਮ ਵਿਚ ਪੁੱਜੇ। ਆਪ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬੋਪਾਰਾਇ ਦੇ ਅਸਥਾਨ ਦੀ ਸੇਵਾ ਲਈ ਗਿਆਨੀ ਗੁਰਦਿਆਲ ਸਿੰਘ ਜੀ ਨੂੰ ਜਥੇਦਾਰ ਨਿਯਮਤ ਕੀਤਾ ਗਿਆ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਰਮ ਸ਼ਰਧਾਲੂ ਬਾਬਾ ਬੂੜ ਸਿੰਘ ਜੀ

ਮੁਰਾਲੇ ਦੇ ਨੇੜੇ ਇਕ ਸਹਿਣਾ ਨਾਮ ਕਰਕੇ ਛੋਟਾ ਜਿਹਾ ਪਿੰਡ ਸੀ। ਇਥੇ ਬਹੁਤ ਆਬਾਦੀ ਮੁਸਲਮਾਨਾਂ ਦੀ ਸੀ। ਕੁਝ ਆਬਾਦੀ ਸਿੰਘਾਂ ਦੀ ਭੀ ਸੀ। ਇਥੇ ਨੇੜੇ ਹੀ ਇਕ ਮਹਾਂਪੁਰਖ ਪੰਡਤ ਨਿੱਕਾ ਸਿੰਘ ਜੀ ਨਿਰਮਲੇ ਸੰਤਾਂ ਦਾ ਡੇਰਾ ਪਿੰਡ ਢੱਲੇ ਵਿਚ ਸੀ। ਇਸ ਪਿੰਡ ਵਿਚ ਸ. ਨਿਹਾਲ ਸਿੰਘ ਜੀ ਚੰਗੇ ਸ਼ਾਹੂਕਾਰ ਸਨ। ਉਨ੍ਹਾਂ ਦੇ ਘਰ ਔਲਾਦ ਨਹੀਂ ਸੀ। ਉਨ੍ਹਾਂ ਦੇ ਘਰੋਂ ਉਨ੍ਹਾਂ ਦੀ ਧਰਮ ਪਤਨੀ ਮਾਤਾ ਜੀਵਾਂ ਨੇ ਕਈ ਸੁੱਖਣਾਂ ਸੁੱਖੀਆਂ। ਕਈ ਸਾਧਾਂ ਸੰਤਾਂ ਦੇ ਚਰਨ ਭੀ ਪਰਸੇ। ਸਤਿਗੁਰ ਜੀ ਦੇ ਚਰਨਾਂ ਵਿਚ ਭੀ ਰੋਜ਼ ਜੋਦੜੀ ਤਰਲਾ ਕਰਨਾ। ਮਾਲਕ ਨੇ ਕਈ ਸਾਲਾਂ ਪਿਛੋਂ ਇਨ੍ਹਾਂ ਦੀ ਅਰਦਾਸ ਕਬੂਲ ਕਰ ਲਈ ਤੇ ਇਨ੍ਹਾਂ ਦੇ ਗ੍ਰਹਿ ਵਿਚ ਭੁਝੰਗੀ ਦੀ ਦਾਤ ਬਖ਼ਸ਼ੀ, ਜਿਸ ਦਾ ਨਾਮ ਇਨ੍ਹਾਂ ਨੇ ਬੂੜ ਸਿੰਘ ਰੱਖਿਆ। ਬੜੀਆਂ ਖੁਸ਼ੀਆਂ ਮਨਾਈਆਂ। ਗਰੀਬ-ਗੁਰਬੇ ਨੂੰ ਬੜਾ ਧੰਨ ਵੰਡਿਆ। ਇਸ ਤਰ੍ਹਾਂ ਬਾਲਕ ਬੂੜ ਸਿੰਘ ਦੀ ਬੜੀ ਪਾਲਣਾ ਕੀਤੀ। ਪੰਜ ਛੇ ਸਾਲ ਦੇ ਜਦੋਂ ਹੋ ਗਏ, ਸਕੂਲ ਪੜ੍ਹਨ ਬਿਠਾਇਆ। ਉਰਦੂ ਦੀਆਂ ਪੰਜ ਜਮਾਤਾਂ ਪਾਸ ਕਰ ਲਈਆਂ। ਪੰਡਤ ਨਿੱਕਾ ਸਿੰਘ ਜੀ ਦੇ ਡੇਰੇ ਗੁਰਮੁਖੀ ਅੱਖਰ ਸਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਭੀ ਆਪ ਕਰਨ ਲੱਗ ਪਏ। ਖਾਣ-ਪੀਣ ਦੀ ਘਰ ਪ੍ਰਵਾਹ ਨਹੀਂ ਸੀ। ਜੁਆਨ ਭੀ ਚੰਗੇ ਨਿਕਲੇ। ਖੁਰਾਕ ਭੀ ਦੱਸਦੇ ਹਨ ਕਿ ਕਿੰਨੀ ਖਾ ਕੇ ਪਚਾ ਜਾਂਦੇ ਸਨ। ਆਪ ਜੀ ਦੀ ਸ਼ਾਦੀ ਭੀ ਮਾਤਾ ਗੰਗਾ ਜੀ ਦੇ ਨਾਲ ਅਲੀ ਬੇਗ, ਜਿਥੇ ਸੰਤ ਬਾਬਾ ਸੁੰਦਰ ਸਿੰਘ ਜੀ ਦਾ ਡੇਰਾ ਸੀ, ਉਸੇ ਨਗਰ ਹੋ ਗਈ। **(ਚਲਦਾ)**

● ● ●

### ਬੇਨਤੀ

**'ਲੁਬਾਣਾ ਸੇਵਕ' ਮੈਗਜ਼ੀਨ ਪੜ੍ਹਨ ਵਾਲੇ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਮੈਗਜ਼ੀਨ ਪੜ੍ਹ ਕੇ ਇਸ ਵਿਚ ਛਪੇ ਮੈਟਰ ਬਾਰੇ ਆਪਣੇ ਸੁਝਾਅ ਦਿਉ। ਧੰਨਵਾਦ।**

**-ਸੰਪਾਦਕ**

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

13.

**ਦੇਖ਼ਾ ਅਦੂ ਨੇ ਕਿਲ੍ਹਾ ਮਿਲੇਗਾ ਨਾ ਜ਼ੋਰ ਸੇ।**
**ਬਿਫਰੇਂਗੇ ਔਰ ਸ਼ੇਰ ਸ਼ਿ.ਗਾਲੋਂ ਕੇ ਸ਼ੋਰ ਸੇ।**
**ਬਾਂਕਾ ਨ ਵਾਲ ਹੋਗਾ ਸੁਲੇਮਾਂ ਕਾ ਮੋਰ ਸੇ।**
**ਵਾਕਿ.ਫ ਥੇ ਸਤਿਗੁਰੂ ਦਿਲੇ-ਆਦਾ ਕੇ ਚੋਰ ਸੇ।**
**ਮਿਲ ਕਰ ਦ.ਗਾ ਕਰੇਂਗੇ ਯੇ ਵਾਅ੍ਦੇ ਕੇ ਰੰਗ ਮੇਂ।**
**ਸਮਝੇਂਗੇ ਹਮ ਭੀ ਕਿਆ ਹੁਆ ਮੈਦਾਨਿ-ਜੰਗ ਮੇਂ।**

ਵੈਰੀ ਨੇ ਭਾਂਪ ਲਿਆ ਕਿ ਜ਼ੋਰ-ਜ਼ਬਰਦਸਤੀ ਨਾਲ ਤਾਂ ਕਿਲ੍ਹਾ ਖਾਲੀ ਨਹੀਂ ਹੋ ਸਕੇਗਾ। ਗਿੱਦੜਾਂ ਦੇ ਸ਼ੋਰ ਮਚਾਉਣ ਨਾਲ ਸ਼ੇਰ ਹੋਰ ਵੀ ਰੋਹ ਵਿਚ ਆਉਣਗੇ। ਇਕ ਕੀੜੀ ਸੁਲੇਮਾਨ ਦਾ ਕਦੀ ਵਾਲ ਵੀ ਵਿੰਗਾ ਨਹੀਂ ਕਰ ਸਕਦੀ। ਜਾਣੀਜਾਣ ਸਤਿਗੁਰੂ ਜੀ ਵੀ ਦੁਸ਼ਮਣਾਂ ਦੇ ਦਿਲ ਅੰਦਰਲੇ ਚੋਰ ਨੂੰ ਭਲੀ-ਭਾਂਤ ਸਮਝਦੇ ਸਨ ਕਿ ਵਾਅਦਿਆਂ ਦੇ ਰੰਗ ਵਿਚ ਸਾਡੇ ਨਾਲ ਧੋਖਾ ਕਰਨਗੇ ਅਤੇ ਅਸੀਂ ਵੀ ਫਿਰ ਰਣ-ਖੇਤਰ ਵਿਚ ਹੀ ਇਨ੍ਹਾਂ ਨਾਲ ਸਿੱਝਾਂਗੇ।

14.

**ਤਾਰੋਂ ਕੀ ਛਾਉਂ ਕਿਲ੍ਹਾ ਸੇ ਸਤਿਗੁਰੂ ਰਵਾਂ ਹੂਏ।**
**ਕਸ ਕੇ ਕਮਰ ਸਵਾਰ ਥੇ ਸਾਰੇ ਜਵਾਂ ਹੂਏ।**
**ਆਗੇ ਲੀਏ ਨਿਸ਼ਾਂ ਕਈ ਸ਼ੇਰਿ-ਜ਼ਯਾਂ ਹੂਏ।**
**ਕੁਛ ਪੀਛੇ ਜਾਂ-ਨਿਸਾਰ, ਗੁਰੂ ਦਰਮਯਾਂ ਹੂਏ।**
**ਚਾਰੋਂ ਪਿਸਰ ਹਜ਼ੂਰ ਕੇ ਹਮਰਾਹ ਸਵਾਰ ਥੇ।**
**ਜ਼ੋਰਾਵਰ ਔਰ ਫ਼ਤਹ, ਅਜੀਤ ਔਰ ਜੁਝਾਰ ਥੇ।**

ਜਦੋਂ ਦਸਮ ਗੁਰੂ ਜੀ ਕਿਲ੍ਹੇ ਤੋਂ ਰਵਾਨਾ ਹੋਏ ਤਾਂ ਰਾਤ ਦਾ ਸਮਾਂ ਸੀ। ਤਾਰਿਆਂ ਦੀ ਛਾਂ ਹੇਠ, ਸਤਿਗੁਰੂ ਜੀ ਨਾਲ ਸਾਰੇ ਸਿੰਘ ਵੀ ਕਮਰਕਸੇ ਕਰਕੇ ਚੱਲ ਪਏ। ਕੁਝ ਗੁੱਸੇ ਤੇ ਰੋਹ ਨਾਲ ਭਰੇ ਸੂਰਮੇ ਅੱਗੇ-ਅੱਗੇ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਹਨ, ਕੁਝ ਸਿੰਘ ਪਿੱਛੇ ਹਨ, ਜਦੋਂ ਕਿ ਗੁਰੂ ਜੀ ਵਿਚਕਾਰ ਚੱਲ ਰਹੇ ਹਨ। ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ-ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹ ਸਿੰਘ ਜੀ, ਜੋ ਘੋੜਿਆਂ ਉੱਪਰ ਅਸਵਾਰ ਹਨ, ਵੀ ਗੁਰੂ ਜੀ ਦੇ ਨਾਲ ਹਨ।

15.

**ਸਿੰਘੋਂ ਕੀ ਮਾਏਂ ਸਾਥ ਥੀਂ, ਸਤਿਗੁਰ ਕੀ ਮਾਂ ਕੇ ਸਾਥ।**
**ਥੀ ਹਮਰਕਾਬ ਸ਼ੇਰਨੀ, ਸ਼ੇਰਿ-ਜ਼ਯਾਂ ਕੇ ਸਾਥ।**
**.ਗਰਜ਼ਿ ਕਿ ਕੂਚ ਕਰ ਦੀਆ, ਕੁਲ ਖ਼ਾਨਦਾਂ ਕੇ ਸਾਥ।**
**ਕਯਾ ਬਾਵਫ਼ਾ ਮੁਰੀਦ ਥੇ, ਪੀਰੇ-ਜ਼ਮਾਂ ਕੇ ਸਾਥ।**
**ਸਤਿਗੁਰ ਜਹਾਂ ਪੇ ਅਪਨਾ ਪਸੀਨਾ ਗਿਰਾਤੇ ਥੇ।**
**ਸਿੰਘ ਉਸ ਜਗ੍ਹਾ ਪੇ ਅਪਨਾ ਲਹੂ ਤਕ ਬਹਾਤੇ ਥੇ।**

ਬਹਾਦਰ ਸਿੰਘਾਂ ਦੀਆਂ ਮਾਤਾਵਾਂ ਸਤਿਗੁਰਾਂ ਦੀ ਪੂਜ ਮਾਤਾ ਜੀ ਦੇ ਨਾਲ ਚੱਲ ਰਹੀਆਂ ਸਨ। ਜਦੋਂ ਕਿ ਗੁਰੂ ਜੀ ਦੇ ਮਹਿਲ ਗੁਰੂ ਜੀ ਨਾਲ ਸਨ। ਇੰਜ ਸਮਝੋ ਕਿ ਸਾਰੇ ਪਰਿਵਾਰ ਸਮੇਤ ਹੀ ਗੁਰੂ ਜੀ ਕਿਲ੍ਹੇ ਤੋਂ ਰਵਾਨਾ ਹੋਏ ਸਨ ਅਤੇ ਕੀ ਕਹਿਣੇ ਹਨ ਉਨ੍ਹਾਂ ਵਫ਼ਾਦਾਰ ਸੇਵਕਾਂ ਦੇ, ਜੋ ਕੁੱਲ ਜਗਤ ਦੇ

ਰਹਿਬਰ ਦਾ ਇਸ ਸਮੇਂ ਸਾਥ ਦੇ ਰਹੇ ਹਨ। ਸਤਿਗੁਰਾਂ ਦਾ ਜਿਥੇ ਪਸੀਨਾ ਡਿੱਗਦਾ ਸੀ, ਸਿੰਘ ਉਥੇ ਆਪਣਾ ਖ਼ੂਨ ਤੱਕ ਵਹਾਣ ਲਈ ਤੱਤਪਰ ਰਹਿੰਦੇ ਸਨ।

16.

**ਦੇਖਾ ਫ਼ਰਸ਼ ਪੇ ਜਿਸ ਘੜੀ ਆਲੀ ਜਨਾਬ ਕੋ।**
**ਪਾ-ਬੋਸੀਓਂ ਕੀ ਪੜ ਗਈ ਹਰ ਸ਼ੈਖ਼ੋ-ਸ਼ਾਬ ਕੋ।**
**ਕਦਮੋਂ ਕੋ ਚੂਮਤਾ ਥਾ ਕੋਈ ਸਿੱਖ ਰਕਾਬ ਕੋ।**
**ਘੇਰਾ ਹੂਆ ਸਿਤਾਰੋਂ ਨੇ ਥਾ ਮਾਹਿਤਾਬ ਕੋ।**
**ਜਲਵਾ ਜੁ ਥਾ ਫ਼ਲਕ ਪੇ ਵਹੀ ਥਾ ਜਹਾਨ ਪਰ।**
**ਪਹੁੰਚੀ ਹੁਈ ਥੀ ਰਨ ਕੀ ਜ਼ਿਮੀਂ ਆਸਮਾਨ ਪਰ।**

ਰਸਤੇ ਵਿਚ ਜਦੋਂ ਸਿੱਖ ਸੰਗਤਾਂ ਨੇ ਗੁਰੂ ਮਹਾਰਾਜ ਨੂੰ ਘੋੜੇ ਉੱਤੇ ਅਸਵਾਰ ਵੇਖਿਆ ਤਾਂ ਹਰੇਕ ਬੁੱਢੇ ਤੇ ਜਵਾਨ ਨੂੰ ਗੁਰੂ ਜੀ ਦੇ ਪਵਿੱਤਰ ਚਰਨ ਚੁੰਮਣ ਦੀ ਪੈ ਗਈ। ਕੋਈ ਗੁਰੂ ਸਾਹਿਬ ਦੇ ਚਰਨ ਚੁੰਮ ਰਿਹਾ ਹੈ ਅਤੇ ਕੋਈ ਹੋਰ ਸਿੱਖ ਘੋੜੇ ਦੀਆਂ ਰਕਾਬਾਂ ਦੇ ਬੋਸੇ ਲੈ ਰਿਹਾ ਹੈ, ਜੋ ਗੁਰੂ ਜੀ ਦੇ ਪਵਿੱਤਰ ਚਰਨਾਂ ਨਾਲ ਪਾਵਨ ਹੋ ਚੁੱਕੀਆਂ ਹਨ। ਸੰਗਤਾਂ ਨੇ ਗੁਰੂ ਪਰਿਵਾਰ ਨੂੰ ਇੰਜ ਘੇਰ ਰੱਖਿਆ ਸੀ ਜਿਵੇਂ ਤਾਰਿਆਂ ਨੇ ਸੂਰਜ ਨੂੰ ਵਲਿਆ ਹੋਇਆ ਹੋਵੇ। ਜੋ ਜਲਵਾ ਅਸਮਾਨ ਉੱਤੇ ਸੀ, ਉਹੋ ਜਿਹਾ ਹੀ ਧਰਤੀ ਉੱਤੇ ਸੀ। ਰਣਖੇਤਰ ਧਰਤੀ ਤੋਂ ਅਸਮਾਨ ਤੀਕ ਪਸਰ ਗਿਆ ਲੱਗਦਾ ਸੀ।

17.

**ਹੋਨੇ ਕੋ ਅਨਕਰੀਬ ਸਹਰ ਕਾ ਜ਼ੁਹੂਰ ਥਾ।**
**ਸਬ ਮਿਟ ਚੁੱਕੇ ਥੇ, ਸੁਬਹ ਕੇ ਤਾਰੇ ਪੇ ਨੂਰ ਥਾ।**
**ਪਾਤਾਲ ਕਰ ਚੁਕਾ ਸ਼ਹੇ-ਮਸ਼ਰਕ ਅਬੂਰ ਥਾ।**
**ਥੋੜਾ ਮੁਕਾਮਿ ਉਫ਼ਕ ਸੇ ਖ਼ੁਰਸ਼ੀਦ ਦੂਰ ਥਾ।**
**ਫ਼ੀਕਾ ਫ਼ਲਕ ਕਾ ਚਾਂਦ ਥਾ ਨਾਨਕ ਕੇ ਚਾਂਦ ਸੇ।**
**ਚਿਹਰੇ ਉੜੇ ਹੂਏ ਥੇ ਸਿਤਾਰੇ ਥੇ ਮਾਂਦ ਸੇ।**

ਤਕਰੀਬਨ ਸਵੇਰ ਹੋਣ ਹੀ ਵਾਲੀ ਸੀ। ਸਾਰੇ ਤਾਰੇ ਮਿਟ ਚੁੱਕੇ ਸਨ, ਸਿਰਫ਼ ਸਵੇਰ ਦੇ ਤਾਰੇ ਦੀ ਰੌਸ਼ਨੀ ਹੀ ਬਾਕੀ ਸੀ। ਪਾਤਾਲ ਦੀਆਂ ਗਹਿਰਾਈਆਂ ਵਿਚ ਜਾ ਚੁੱਕਾ ਪੂਰਬ ਦਾ ਬਾਦਸ਼ਾਹ ਮੁੜ ਸਾਹਮਣੇ ਆ ਰਿਹਾ ਸੀ। ਜਿਸ ਕਿਨਾਰੇ 'ਤੇ ਧਰਤੀ ਅਤੇ ਅਸਮਾਨ ਮਿਲਦੇ ਹਨ, ਉਥੋਂ ਸੂਰਜ ਕੁਝ ਹੀ ਵਿੱਥ ਉੱਤੇ ਸੀ। ਗੁਰੂ ਨਾਨਕ ਸਾਹਿਬ ਦੇ ਚੰਦ (ਗੁਰੂ ਗੋਬਿੰਦ ਸਿੰਘ ਜੀ) ਦੇ ਸਾਹਮਣੇ ਆਕਾਸ਼ ਵਿਚਲਾ ਚੰਦਰਮਾ ਫਿੱਕਾ ਪੈ ਰਿਹਾ ਸੀ। ਇਸ ਦਾ ਚਿਹਰਾ ਉਡਿਆ ਹੋਇਆ ਸੀ ਅਤੇ ਤਾਰੇ ਵੀ ਮੱਧਮ ਪੈ ਗਏ ਸਨ।

18.

**ਮਸ਼ਰਕ ਕੀ ਸਿਮਤ ਇਤਨੇ ਮੇਂ ਪਹੁ ਫੂਟਨੇ ਲਗੀ।**
**ਮੁਹਤਾਬੀ ਰੁਖ਼ ਪੇ ਚਾਂਦ ਕੇ ਫਿਰ ਛੂਟਨੇ ਲਗੀ।**
**ਜੌਜ਼ਾ ਕੇ ਸਾਥ ਕੌਸੇ-ਫ਼ਲਕ ਟੂਟਨੇ ਲਗੀ।**
**ਲੁਤਫ਼ਿ ਨਸੀਮ ਖ਼ਲਕਿ-ਖ਼ੁਦਾ ਲੂਟਨੇ ਲਗੀ।**
**ਉਤਰਾ ਹੂਆ ਅਰੂਸਿ-ਫ਼ਲਕ ਕਾ ਸ਼ਿੰਗਾਰ ਥਾ।**
**ਗੁੰਮ ਕਹਕਸ਼ਾਂ ਕੇ ਸੀਨੇ ਸੇ ਨੌ ਲੱਖਾ ਹਾਰ ਥਾ।**

ਇਤਨੇ ਵਿਚ ਪੂਰਬ ਦਿਸ਼ਾ ਵੱਲ ਪਹੁ ਫੁੱਟਣ ਲੱਗ ਪਈ। ਚੰਦਰਮਾ ਦੇ ਮੁੱਖ ਤੋਂ ਰੌਸ਼ਨੀ ਮਾਂਦੀ ਪੈਣ ਲੱਗੀ। ਮਿਥਨ ਰਾਸ਼ੀ ਦੇ ਨਾਲ-ਨਾਲ ਧਨ ਰਾਸ਼ੀ ਵੀ ਖਤਮ ਹੁੰਦੀ ਜਾ ਰਹੀ ਸੀ। ਪਰਮੇਸ਼ਰ ਦੀ ਲੋਕਾਈ ਸਵੇਰ ਦੀ ਠੰਢੀ ਹਵਾ ਦਾ ਨਜ਼ਾਰਾ ਲੁੱਟਣ ਲੱਗੀ। ਚੰਦਰਮਾ ਦਾ ਜਲਵਾ ਖਤਮ ਹੋ ਰਿਹਾ ਸੀ, ਇੰਜ ਲੱਗਦਾ ਸੀ ਜਿਵੇਂ ਆਕਾਸ਼-ਗੰਗਾ ਦੀ ਛਾਤੀ ਤੋਂ ਨੌਂ ਲੱਖਾ ਹਾਰ ਗੁੰਮ ਹੋ ਗਿਆ ਹੋਵੇ। **(ਚਲਦਾ)**

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੁਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

| | | |
|---|---|---|
| **ਫ਼ੂਨ ਦੀ ਆਵਾਜ਼** | : | (ਰੋਅਬ ਵਾਲੀ ਆਵਾਜ਼ ਵਿਚ) ਹੈਲੋ..... |
| **ਸਿੰਮੀ** | : | ਸੜ ਜਾਏ ਤੇਰੀ ਹੈਲੋ। |
| **ਫ਼ੂਨ ਦੀ ਆਵਾਜ਼** | : | ਸਨਮ ਨਾਲ ਗੱਲ ਕਰਾਇਓ, ਸਾਨੂੰ ਪਤੈ ਉਹ ਹੁਣੇ ਘਰ ਪਹੁੰਚੇ ਨੇ। |
| **ਸਿੰਮੀ** | : | (ਸਨਮ ਨੂੰ) ਕਰ ਲਉ ਗੱਲ। |
| **ਫ਼ੂਨ ਤੋਂ ਹੌਲੀ ਜਿਹੀ ਆਵਾਜ਼** | : | ਦਰਵਾਜ਼ਾ ਬੰਦ ਕਰਦੇ ਵੇਖ ਮੈਂ ਕਿਵੇਂ ਭਜਾਉਂਦਾ ਨਾਟਕਕਾਰ ਨੂੰ। |
| **ਸਨਮ** | : | ਹੈਲੋ, ਕੌਣ ਬੋਲ ਰਿਹੈ? |
| **ਫ਼ੂਨ ਤੋਂ ਆਵਾਜ਼** | : | (ਹੱਸਦੇ ਹੋਏ) ਅਸੀਂ ਤਰਨਤਾਰਨ ਤੋਂ ਬੋਲ ਰਹੇ ਆਂ, ਅਸੀਂ ਇਕ ਪ੍ਰੋਗਰਾਮ ਕਰੌਣਾ ਚਾਹੁੰਦੇ ਆਂ। |
| **ਸਨਮ** | : | ਕਿਸ ਤਰ੍ਹਾਂ ਦਾ ਪ੍ਰੋਗਰਾਮ? |
| **ਫ਼ੂਨ ਤੋਂ ਆਵਾਜ਼** | : | ਇਹੋ ਈ ਨਾਟਕ ਨੂਟਕ। |
| **ਸਨਮ** | : | ਨਾਟਕ ਨੂਟਕ? ਤੁਹਾਡੀ ਸੰਸਥਾ ਦਾ ਨਾਂ ਕੀ ਏ? |
| **ਫ਼ੂਨ ਤੋਂ ਆਵਾਜ਼** | : | ਨਾਂ ਦਾ ਸਾਡੇ ਪ੍ਰਧਾਨ ਨੂੰ ਈ ਪਤੈ ਸਰ ਜੀ, ਕਿੰਨੇ ਪੈਸੇ ਲਉਗੇ ਨਾਟਕ ਖੇਡਣ ਦੇ? |
| ਸਨਮ | : | ਅਸੀਂ ਸਿਰਫ਼ ਪੈਸੇ ਦੀ ਖ਼ਾਤਰ ਨਾਟਕ ਨਹੀਂ ਖੇਡਦੇ, ਸਾਡਾ ਵੀ ਕੋਈ ਮਿਸ਼ਨ ਏ। |

**(ਚਲਦਾ)**

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ

ਦੁੱਲਾ ਭੱਟੀ ਦਾ ਸ਼ੁਮਾਰ ਪੰਜਾਬ ਦੇ ਉਨ੍ਹਾਂ ਸੂਰਮਿਆਂ ਤੇ ਬਹਾਦਰਾਂ ਵਿੱਚ ਹੁੰਦਾ ਏ ਜਿਨ੍ਹਾਂ ਆਪੋ ਆਪਣੇ ਵਕਤ 'ਚ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਆਪਣੀ ਜਾਨ ਦਾ ਨਜ਼ਰਾਨਾ ਪੇਸ਼ ਕਰਕੇ ਹਮੇਸ਼ਾ ਹਮੇਸ਼ਾ ਲਈ ਖੁਦ ਨੂੰ ਅਮਰ ਕਰ ਲਿਆ। ਸੂਰਮਾਂ ਦੁੱਲਾ ਭੱਟੀ ਰਾਜਪੂਤ ਕਬੀਲੇ ਦਾ ਜਵਾਂ ਮਰਦ ਸੀ। ਇਹ ਕਬੀਲਾ ਤਕਰੀਬਨ 700 ਸਾਲ ਪਹਿਲਾਂ ਹਿੰਦੁਸਤਾਨ ਦੇ ਜੈਸਲਮੇਰ-ਰਾਜਸਥਾਨ ਤੋਂ ਹਿਜਰਤ ਕਰਕੇ ਏਥੇ ਆ ਕੇ ਆਬਾਦ ਹੋਇਆ। ਉਸ ਵਕਤ ਏਥੇ ਸੇਹੂ ਹੰਜਰਾ ਦੀ ਮਾਲਕੀ ਸੀ ਜਿਸ ਦਾ ਸਦਰ ਮੁਕਾਮ ਬਾਰ ਦਾ ਏਹੋ ਇਲਾਕਾ ਸੀ। ਉਹਦੀ ਇਜਾਜ਼ਤ ਨਾਲ ਇਹ ਕਬੀਲਾ ਪਿੰਡੀ ਭੱਟੀਆਂ ਦੇ ਮੁਕਾਮ 'ਤੇ ਆਬਾਦ ਹੋਇਆ। ਭੱਟੀ ਕਬੀਲਾ ਰਾਜਪੂਤ ਹੋਣ ਕਾਰਨ ਜੰਗਜੂ ਆਦਤਾਂ ਰੱਖਦਾ ਸੀ ਅਤੇ ਜੰਗ 'ਚ ਜਾਨ ਵਾਰਨ ਨੂੰ ਨੇਕੀ ਸਮਝਦਾ ਸੀ। ਏਸੇ ਲਈ ਰਫਤਾ ਰਫਤਾ ਇਨ੍ਹਾਂ ਦਾ ਇਸ ਸਾਰੇ ਇਲਾਕੇ 'ਤੇ ਕਬਜ਼ਾ ਹੈ ਗਿਆ। ਅਗਲੀਆਂ ਦੋ ਤਿੰਨ ਸਦੀਆਂ 'ਚ ਭੱਟੀਆਂ ਰਾਜਪੂਤ ਏਥੇ ਬਹੁਤੇ ਥਾਵਾਂ ਦੇ ਮਾਲਕ ਬਣ ਗਏ। ਸੋਲ੍ਹਵੀਂ ਸਦੀ ਦਰਮਿਆਨ ਇਹ ਖਿੱਤਾ ਛੋਟੀਆਂ-ਛੋਟੀਆਂ ਖੁਦਮੁਖਤਿਆਰ ਰਿਆਸਤਾਂ 'ਚ ਵੰਡਿਆ ਜਾ ਚੁੱਕਾ ਸੀ। ਇਹ ਆਪਣੀ ਆਪਸੀ ਬੇਇਤਫਾਕੀ ਦੀ ਵਜ੍ਹਾ ਕਾਰਨ ਮੁਗਲ ਹਮਲਾਵਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਰਹੇ। ਮੁਗਲ ਫੌਜਾਂ ਦਾ ਲਾਂਘਾ ਪਿੰਡ ਭੱਟੀਆਂ ਅਤੇ ਨਜ਼ਦੀਕੀ ਇਲਾਕਿਆਂ ਥਾਣੀ ਹੁੰਦਾ ਸੀ। ਉਸ ਜ਼ਮਾਨੇ ਵਿੱਚ ਜ਼ਰਾਇਤ ਜ਼ੋਰਾਂ 'ਤੇ ਨਹੀਂ ਸੀ ਅਤੇ ਬਹੁਤੀਆਂ ਜ਼ਮੀਨਾਂ ਚਰਾਂਦਾ ਤੇ ਜੰਗਲਾਂ ਹੇਠ ਸਨ। ਮੁਗਲ ਆਬਾਦੀਆਂ 'ਚ ਲੁੱਟਮਾਰ ਕਰਦੇ ਅਤੇ ਫਸਲਾਂ ਤੇ ਚਰਾਗਾਹਾਂ ਨੂੰ ਉਜਾੜ ਦਿੰਦੇ। ਆਪਣੇ ਘੋੜਿਆਂ ਤੇ ਤਮਾਮ ਲਾਉ ਲਸ਼ਕਰ ਦੇ ਜਾਨਵਰਾਂ, ਮਾਲ ਡੰਗਰਾਂ ਵਾਸਤੇ ਅਨਾਜ, ਚਾਰਾ ਤੇ ਪੈਸਾ ਟਕਾ 'ਕੱਠਾ ਕਰਕੇ ਜ਼ਬਰਦਸਤੀ ਖੋਹ ਕੇ ਲੈ ਜਾਂਦੇ। ਮੁਖਾਲਫ਼ਤ ਕਰਨ ਵਾਲਿਆਂ ਦਾ ਕਤਲੇਆਮ ਕੀਤਾ ਜਾਂਦਾ ਅਤੇ ਪਿੰਡਾਂ ਨੂੰ ਅੱਗ ਲਾ ਦਿੱਤੀ ਜਾਂਦੀ। ਇਹ ਇਕ ਖਾਸ ਨੁਕਤਾ ਸੀ ਜਿਥੋਂ ਮੁਗਲਾਂ ਤੇ ਭੱਟੀਆਂ ਦਰਮਿਆਨ ਦੁਸ਼ਮਣੀ ਦਾ ਮੁੱਢ ਬੱਝਿਆ। ਦੁੱਲਾ ਭੱਟੀ ਦੇ ਦਾਦੇ ਬਿਜਲੀ ਖਾਂ ਉਰਫ ਸਾਂਦਲ ਖਾਂ ਨੇ ਇਲਾਕੇ ਦੀ ਖੁਦਮੁਖਤਾਰੀ ਅਤੇ ਰਖਵਾਲੀ ਵਾਸਤੇ ਇਰਦ-ਗਿਰਦ ਦੇ ਸਰਦਾਰਾਂ ਨਾਲ ਮਿਲ ਕੇ ਇਕ ਫੌਜੀ ਟੁਕੜੀ ਕਾਇਮ ਕਰਕੇ ਮੁਗਲ ਹਾਕਮਾਂ ਖਿਲਾਫ ਛਾਪਾ ਮਾਰ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਬਿਜਲੀ ਖਾਂ ਤੇ ਉਹਦੇ ਪੁੱਤਰ ਫਰੀਦ ਖਾਂ ਦੀ ਬਹਾਦਰੀ ਤੇ ਜਵਾਂਮਰਦੀ ਦਾ ਡੰਕਾਂ ਪੂਰੇ ਇਲਾਕੇ 'ਚ ਵੱਜਣ ਲੱਗਾ। ਆਖਰਕਾਰ ਮੁਗਲ ਬਿਜਲੀ ਖਾਂ ਤੇ ਫਰੀਦ ਖਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਗਏ। ਇਨ੍ਹਾਂ ਨੂੰ ਬਾਗੀ ਕਰਾਰ ਦੇ ਕੇ ਫਾਂਸੀ ਦੇ ਤਖਤੇ 'ਤੇ ਲਟਕਾ ਦਿੱਤਾ। ਦੁੱਲੇ ਭੱਟੀ ਦੀਆਂ ਰਗਾਂ ਵਿੱਚ ਇਨ੍ਹਾਂ ਦਾ ਹੀ ਖ਼ੂਨ ਦੌੜ ਰਿਹਾ ਸੀ।




ਦੁੱਲੇ ਭੱਟੀ ਦੀ ਪੈਦਾਇਸ਼ ਸਨ 1547 ਈ. ਵਿੱਚ ਪਿੰਡੀ ਭੱਟੀਆਂ ਤੋਂ ਚੰਦ ਕੋਹ ਦੂਰ ਦਰਿਆ ਚਨ੍ਹਾਬ ਦੇ ਕਿਨਾਰੇ ਮੁਕਾਮ ਚੂਚਕ ਦੀ ਕਰੀਬੀ ਪਿੰਡ ਬਦਰ 'ਚ ਹੋਈ। ਦਰਅਸਲ ਇਹ ਮੁਕਾਮ ਉਸ ਦੌਰ 'ਚ ਦਰਿਆ ਦੇ ਆਰ-ਪਾਰ ਤਜ਼ਾਰਤ ਕਰਨ ਤੇ ਮੁਸਾਫਰਾਂ ਦੀ ਆਮਦ ਰਫਤ ਲਈ ਇਸਤੇਮਾਲ ਹੁੰਦਾ ਸੀ। ਚੂਚਕ ਭੀ ਦੁੱਲਾ ਭੱਟੀ ਦੇ ਖਾਦਾਨ 'ਚੋਂ ਸੀ ਇਸ ਤੋਂ ਬਾਅਦ ਭੱਟੀ ਦੀ ਚੌਥੀ ਪੁਸ਼ਤ ਵਿੱਚ 'ਅਉਦ' ਸੀ। ਅਉਦ ਦੇ 14 ਬੇਟਿਆਂ 'ਚੋਂਇਕ ਤਲਹਾਰਾ ਸੀ ਤੇ ਚੂਚਕ ਉਹਦਾ ਪੁੱਤਰ ਸੀ। ਚੂਚਕ ਦੇ ਤਿੰਨ ਬੇਟੇ ਨਸੀਓ, ਬਦਰ ਤੇ ਵਾਰਿਸ ਸਨ। ਇਹ ਤਿੰਨੇ ਪਹਿਲਾਂ ਬਦਰ ਪਿੰਡ 'ਚ ਈ ਰਹਿੰਦੇ ਸਨ ਜੋ ਮੁਗਲ ਦੌਰ ਵਿੱਚ ਮੌਜੂਦ ਪਿੰਡ ਚੂਚਕ ਅਤੇ ਬਹਿਲੋਲੀਵਰਦੇ ਦਰਮਿਆਨ ਫਤੂਆਮਾ ਤੇ ਤੂਤਵਾਲਾ ਦੇ ਮੁਕਾਮਪੁਰ ਸੀ। ਪਿੰਡ ਬਦਰ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ। ਦੁੱਲਾ ਭੱਟੀ ਦਾ ਖਾਨਦਾਨ ਅਸਲ ਵਿੱਚ ਪਿੰਡ ਭੱਟੀਆਂ 'ਚ ਆਬਾਦ ਸੀ। ਇਨ੍ਹਾਂ ਦੀ ਮਾਂ ਲੱਧੀ ਦਰਿਆਓਂ ਪਾਰ ਚਲਿਓਟ ਇਲਾਕੇ ਨਾਲ ਤੁਅੱਲਕ ਰੱਖਦੀ ਸੀ। ਜਦੋਂ ਅੰਮਾਂ ਲੱਧੀ ਨੇ ਦੁੱਲੇ ਨੂੰ ਜਨਮ ਦਿੱਤਾ ਤਾਂ ਉਹ ਦਰਿਆਓਂ ਪਾਰ ਜਾਣ ਲਈ ਬੇੜੀ 'ਚ ਸਵਾਰ ਸੀ। ਪੈਦਾਇਸ਼ ਦੇ ਵਕਤ ਦਾਈ ਨੇ ਦੁੱਲੇ ਦੇ ਜਿਸਮ ਤੇ ਇਕ ਨਿਸ਼ਾਨ ਦੇਖਿਆ ਤੇ ਉਹਦੀ ਮਾਂ ਨੂੰ ਕਿਹਾ ਕਿ ਇਹ ਬੱਚਾ ਤਾਰੀਖ ਵਿੱਚ ਆਪਣਾ ਨਾਂ ਚਮਕਾਵੇਗਾ ਅਤੇ ਇਹ ਬਹੁਤ ਦਲੇਰ ਤੇ ਨਿਡਰ ਹੋਵੇਗਾ। ਬਾਅਦ 'ਚ ਇਹ ਗੱਲ ਸੱਚੀ ਸਾਬਤ ਹੋਈ ਕਿਉਂਕਿ ਜੋ ਦੁੱਲੇ ਭੱਟੀ ਨੇ ਅਕਬਰਸ਼ਾਹੀ ਨੂੰ ਪੰਜਾਬ ਦੀ ਧਰਤੀ ਤੋਂ ਵੰਗਾਰਿਆ ਤੇ ਆਪਣੀ ਬਹਾਦਰੀ ਦੇ ਸਬੂਤ ਪੇਸ਼ ਕੀਤੇ। ਦੁੱਲੇ ਦਾ ਨਾਂ

ਪੰਜਾਬ ਦੀ ਸ਼ਖਾਵਤੀ ਜ਼ਿੰਦਗੀ ਵਿੱਚ ਬਹਾਦਰੀ ਤੇ ਨਿਡਰਤਾ ਦੀ ਅਲਾਮਤ ਬਣ ਕੇ ਸਾਹਮਣੇ ਆਇਆ।

ਜਦੋਂ ਦੁੱਲਾ ਭੱਟੀ ਜਵਾਨ ਹੋਇਆ ਤਾਂ ਪਰਥਾ ਜੱਟ, ਦਾਦੂ ਡੋਗਰ, ਜਮਾਲ ਖਾਂ, ਸਰਮਚੋ ਜੌੜਾ, ਕਲਾਬਰ ਵਾਲਾ, ਸੱਲ ਮਿਰਾਸੀ, ਦਉਲਾ ਕੂਲਾ ਅਤੇ ਖਾਬਨਾ ਵਜੀਰ ਇਸ ਦੇ ਕਰੀਬੀ ਸਾਥੀ ਸਨ। ਇਨ੍ਹਾਂ ਦੇ ਸੰਗ ਸਾਥ 'ਚ ਹੀ ਦੁੱਲੇ ਦੀਆਂ ਮਹਿਫਲਾਂ ਗਰਮ ਰਹਿੰਦੀਆਂ ਸਨ। ਇਹਨੇ ਆਪਣੀ ਜੰਗ ਤਾਕਤ 'ਚ ਵਾਧੇ ਦੇ ਨਾਲ ਆਪਣੇ ਅਸਰ ਰਸੂਖ ਹੇਠਲੇ ਇਲਾਕਿਆਂ ਵਿੱਚ ਵੀ ਵਾਧਾ ਕੀਤਾ। ਇਲਾਕੇ ਦੇ ਸੈਂਕੜੇ ਸਰਦਾਰ ਇਨ੍ਹਾਂ ਨਾਲ ਰਲ ਗਏ ਅਤੇ ਇਸ ਇਲਾਕੇ ਵਿੱਚ ਮੁਗਲਾਂ ਦਾ ਕੋਈ ਵੀ ਕਾਫਲਾ ਨਾ ਆ ਸਕਦਾ ਸੀ ਤੇ ਨਾ ਜਾ ਸਕਦਾ ਸੀ। ਉਸ ਜ਼ਮਾਨੇ ਵਿੱਚ ਹਿੰਦੁਸਤਾਨ ਦਾ ਕਿਸਾਨ ਬੇਹੱਦ ਮੁਸ਼ਕਲ ਜ਼ਿੰਦਗੀ ਗੁਜ਼ਾਰਦਾ ਸੀ। ਉਹਦੇ ਲਈ ਜਿਸਮ ਤੇ ਜਾਨ ਦਾ ਰਿਸ਼ਤਾ ਬਰਕਰਾਰ ਰੱਖਣਾ ਬਹੁਤ ਮੁਸ਼ਕਿਲ ਸੀ। ਜਦੋਂ ਕਿ ਹੁਕਮਨਰਾਨ ਸਹਿਜ਼ਾਦੇ ਅਤੇ ਜਾਗੀਰਦਾਰ ਐਸ਼ ਅਰਾਮ ਤੇ ਮੌਜਾਂ ਮਸਤੀਆਂ ਭਰੀਆਂ ਜ਼ਿੰਦਗੀਆਂ ਜੀਊ ਰਹੇ ਸਨ। ਅਕਸਰ ਹੀ ਕਿਸਾਨਾਂ ਦੀਆਂ ਜ਼ਮੀਨਾਂ, ਅਨਾਜ ਤੇ ਮਾਲ ਡੰਗਰ ਉਨ੍ਹਾਂ ਕੋਲੋਂ ਮਨਮਰਜ਼ੀ ਤੇ ਧੱਕੇ ਨਾਲ ਖੋਹ ਲਏ ਜਾਂਦੇ। ਕਿਸਮਤ ਮਾਰਿਆਂ ਨੂੰ ਸਰਕਾਰ ਵਾਸਤੇ ਬਗੈਰ ਕਿਸੇ ਇਵਜ਼ਾਨੇ ਉਜਰਤ ਤੋਂ ਮੁਸ਼ੱਕਤ ਤੇ ਬੇਗਾਰ ਕਰਨੀ ਪੈਂਦੀ। ਜਦੋਂ ਵੀ ਕਿਸੇ ਬਾਦਸ਼ਾਹ ਨੇ ਕੋਈ ਨਵਾਂ ਕਿਲਾ ਤਾਮੀਰ ਕਰਨਾ ਹੁੰਦਾ ਜਾਂ ਸ਼ਹਿਰ ਵਸਾਉਣਾ ਹੁੰਦਾ ਤਾਂ ਪੇਂਡੂ ਇਲਾਕੇ ਦੇ ਹਰ ਇਕ ਜੀਅ ਨੂੰ ਉਸਾਰੀ ਦੇ ਕੰਮ ਵਿੱਚ ਬਗੈਰ ਕਿਸੇ ਮਿਹਨਤਾਨੇ ਦੇ ਬੇਗਾਰ ਜਾਂ ਔਖੀ ਮੁਸ਼ੱਕਤ ਕਰਨੀ ਪੈਂਦੀ। ਆਮ ਕਿਸਾਨ ਇਸ ਸੂਰਤ ਹਾਲ ਤੋਂ ਬਹੁਤ ਤੰਗ ਆ ਚੁੱਕਿਆ ਸੀ। ਉਹ ਬਗਾਵਤ ਦੀਆਂ ਬਰੂਹਾਂ 'ਤੇ ਖੜ੍ਹਾ ਸੀ। ਉਹਨੂੰ ਸਿਰਫ ਅਗਵਾਈ ਦੀ ਲੋੜ ਸੀ। ਪੰਜਾਬ ਵਿੱਚ ਉਹਨੂੰ ਅਜਿਹੇ ਆਗੂ ਮਿਲ ਗਏ ਜਿਨ੍ਹਾਂ ਨੇ ਸਰਕਾਰੀ/ਸ਼ਾਹੀ ਕਾਫਲਿਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਕ ਵਾਰ ਅਜਿਹਾ ਹੀ ਇਕ ਕਾਫਲਾ ਜਿਸ ਕੋਲ ਕਾਫੀ ਕੀਮਤੀ ਸਮਾਨ ਤੇ ਨਕਦਨਾਮਾ ਸੀ ਇਸ ਇਲਾਕੇ ਵਿੱਚ ਆ ਦਾਖਲ ਹੋਇਆ। ਇਹਦੇ ਉੱਤੇ ਦੁੱਲਾ ਭੱਟੀ ਦੇ ਲਸ਼ਕਰ ਨੇ ਐਨਾ ਜ਼ਬਰਦਸਤ ਹਮਲਾ ਕੀਤਾ ਕਿ ਮੁਗਲ ਲਸ਼ਕਰ ਹੈਰਾਨ ਹੋ ਗਿਆ। ਇਸ ਕਾਫਲੇ ਦਾ ਸਰਦਾਰ ਮੁਗਲ ਦਰਬਾਰੀ ਅਮੀਰ ਬੇਗ ਮਾਨਕੇਰਾ ਸੀ ਜਿਸ ਦਾ ਸਿਰ ਕਲਮ ਕਰਕੇ ਦੁੱਲਾ ਭੱਟੀ ਨੇ ਮੇਦੇ ਖੱਤਰੀ ਦੇ ਹੱਥ ਮੁਗਲ ਦਰਬਾਰ ਵਿੱਚ ਭੇਜ ਦਿੱਤਾ। ਨਾਲ ਈਹ ਸੁਨੇਹਾ ਵੀ ਦੇ ਦਿੱਤਾ ਕਿ ਇਹ ਤੋਹਫਾ ਦੁੱਲੇ ਭੱਟੀ ਵੱਲੋਂ ਹੈ।

ਦੁੱਲਾ ਭੱਟੀ ਸ਼ਾਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਦਾ ਫਰਜ਼ੰਦ ਹੈ। ਬੇਸ਼ੱਕ ਅਕਸਰ ਬਾਦਸ਼ਾਹ ਦੇ ਸਮੇਂ ਦੇ ਲਿਖਤੀ ਰਿਕਾਰਡ ਵਿੱਚ ਇਹਦਾ ਕਿਤੇ ਵੀ ਜ਼ਿਕਰ ਨਹੀਂ, ਅਤੇ ਨਾ ਹੀ ਇਹਦੀ ਸ਼ਹਾਦਤ ਬਾਬਤ ਕੋਈ ਸਬੂਤ ਮਿਲਦੇ ਹਨ ਪ੍ਰੰਤੂ ਲੋਕ ਰਿਵਾਇਤਾਂ ਵਿੱਚ ਇਸ ਘਟਨਾ ਨੂੰ ਲੰਘੀਆਂ ਚਾਰ ਸਦੀਆਂ ਤੋਂ ਲਗਾਤਾਰ ਬਿਆਨ ਕੀਤਾ ਜਾਂਦਾ ਰਿਹਾ ਹੈ। ਮੁਗਲ ਦਰਬਾਰ ਵਾਸਤੇ ਇਹ ਇਕ ਵੰਗਾਰ ਸੀ। ਮਿਰਜ਼ਾ ਨਿਜ਼ਾਮੁਦੀਨ ਨੂੰ ਬਾਰਾਂ ਹਜ਼ਾਰ ਫੌਜ ਅਤੇ ਜੰਗੀ ਸਮਾਨ ਦੇ ਕੇ ਬਾਦਸ਼ਾਹ ਵੱਲੋਂ ਦੁੱਲਾ ਭੱਟੀ ਨੂੰ ਸਖਤੀ ਨਾਲ ਗ੍ਰਿਫਤਾਰ ਕਰਨ ਲਈ ਭੇਜਿਆ ਗਿਆ। ਨਿਜ਼ਾਮੁਦੀਨ ਦੀ ਫੌਜ ਨੇ ਜਦੋਂ ਪਿੰਡੀ ਭੱਟੀਆਂ 'ਤੇ ਹਮਲਾ ਕੀਤਾ ਉਸ ਵਕਤ ਦੁੱਲਾ ਆਪਣੇ ਨਾਨਕੇ ਚਨਿਊਟ ਗਿਆ ਹੋਇਆ ਸੀ। ਇਹਦੀ ਗੈਰ ਹਾਜ਼ਰੀ ਵੇਲੇ ਦੁੱਲਾ ਭੱਟੀ ਦੇ ਬੇਟੇ ਨੂਰ ਖਾਂ ਅਤੇ ਰਿਸ਼ਤੇ ਵਿੱਚੋਂ ਭਰਾ ਲਗਦੇ ਸਰਪੋਸ਼ਤੀ (ਮੇਹਰੂ) ਨੇ ਆਖਰੀ ਦਮ ਤੱਕ ਜੰਗ ਵਿੱਚ ਮੁਕਾਬਲਾ ਕੀਤਾ। ਆਖਰਕਾਰ ਪਿੰਡੀ ਭੱਟੀਆਂ ਵਾਲੇ ਹਾਰ ਗਏ, ਦੁੱਲਾ ਭੱਟੀ ਦੀ ਧੀ ਬਖਤੁਨਿਸ਼ਾ (ਬਖਤੋ) ਮਾਰੀ ਗਈ, ਮਾਂ ਲੱਧੀ ਤੇ ਦੋਨੋਂ ਬੀਵੀਆਂ ਫੁਲਰਾਂ ਅਤੇ ਨੂਰਾਂ ਨਜ਼ਰਬੰਦ ਕਰ ਲਈਆਂ ਗਈਆਂ। ਜਦੋਂ ਇਨ੍ਹਾਂ ਕੈਦੀਆਂ ਨੂੰ ਲਾਹੌਰ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਦੁੱਲੇ ਦੇ ਦੋਸਤ ਰੂੜੇ ਜੱਟ ਨੇ ਇਨ੍ਹਾਂ ਨੂੰ ਦੇਖਿਆ। ਉਹ ਤੇਜ਼ ਰਫਤਾਰ ਘੋੜਾ ਭਜਾ ਕੇ ਚਨਿਓਟ ਜਾ ਪਹੁੰਚਿਆ ਅਤੇ ਦੁੱਲਾ ਭੱਟੀ ਨੂੰ ਸੂਰਤ-ਹਾਲ ਤੋਂ ਜਾਣੂ ਕਰਵਾਇਆ। ਉਹਨੇ ਦੱਸਿਆ ਕਿ ਮੁਗਲਾਂ ਨੇ ਪਿੰਡੀ ਭੱਟੀਆਂ ਨੂੰ ਢਾਹ ਕੇ ਮਿੱਟੀ ਵਿੱਚ ਮਿਲਾ ਦਿੱਤਾ ਹੈ। ਤੇਰੀ ਮਾਂ ਲੱਧੀ ਅਤੇ ਧੀ ਸਲੀਮੋ ਤੇ ਬੇਟੇ ਨੂਰ ਖਾਂ ਨੂੰ ਮੁਗਲ ਫੌਜ ਫੜ ਕੇ ਲੈ ਗਈ ਹੈ। ਉਨ੍ਹਾਂ ਨੇ ਤੇਰੀ ਬਹੂ ਰਾਣੀ ਫੁਲਰਾਂ ਨੂੰ ਵੀ ਬੰਨ੍ਹ ਲਿਆ ਹੈ।

ਇਸ ਦੌਰਾਨ ਮੁਗਲ ਫੌਜ ਕੈਦੀਆਂ ਨੂੰ ਲੈ ਕੇ ਪਿੰਡੀ ਲਾਲ ਖਾਂ ਆ ਗਈ ਅਤੇ ਆਪਣਾ ਡੇਰਾ ਲਾ ਲਿਆ। ਬਾਰ ਦੇ ਇਸ ਸਰਹੱਦੀ ਇਲਾਕੇ ਦੇ ਸਰਦਾਰ ਲਾਲ ਖਾਂ ਦੀ ਜ਼ਮੀਰ ਨੇ ਇਹ ਬਰਦਾਸ਼ਤ ਨਾ ਕੀਤਾ ਕਿ ਦੁੱਲਾ ਭੱਟੀ ਦੇ ਪਰਿਵਾਰ ਦੀਆਂ ਔਰਤਾਂ ਮੁਗਲ ਦਰਬਾਰ ਵਿੱਚ ਜ਼ਲੀਲ ਤੇ ਸ਼ਰਮਿੰਦੀਆਂ ਕੀਤੀਆਂ ਜਾਣ। ਉਹ ਮੁਗਲ ਫੌਜ ਦੇ ਸਾਹਮਣੇ ਡੱਟ ਗਿਆ। ਦੂਜੇ ਪਾਸਿਓਂ ਦੁੱਲਾ ਭੱਟੀ ਵੀ ਲਸ਼ਕਰ ਲੈ ਕੇ ਜੰਗ ਦੇ ਮੈਦਾਨ ਵਿੱਚ ਆ ਪਹੁੰਚਿਆ। ਉਸ ਦੇ ਨਾਲ ਉਹਦੇ ਮਾਮੇ ਰਹਿਮਤ ਖਾਂ ਨੇ ਵੀ ਆਪਣੇ ਘੋੜ ਸਵਾਰ ਭੇਜੇ। ਦੁੱਲਾ ਭੱਟੀ ਨੇ ਜ਼ਬਰਦਸਤ ਜੰਗ ਕੀਤੀ ਜਿਸ ਨਾਲ ਮੁਗਲ ਫੌਜ ਛੋਟੀਆਂ-ਛੋਟੀਆਂ ਟੁਕੜੀਆਂ ਵਿੱਚ ਵੰਡੀ ਗਈ। ਲਗਦਾ ਸੀ ਕਿ ਮਿਰਜ਼ਾ ਨਿਜ਼ਾਮੁਦੀਨ ਦਾ ਸਿਰ ਛੇਤੀ ਹੀ ਧੜ ਨਾਲੋ ਵੱਖ ਹੋ ਜਾਵੇਗਾ ਪਰ ਮਿਰਜ਼ੇ ਨੇ ਬੜੀ ਚਲਾਕੀ ਨਾਲ ਆਪਣਾ ਸਿਰ ਦੁੱਲਾ ਭੱਟੀ ਦੀ ਮਾਂ ਦੇ ਪੈਰਾਂ ਉੱਤੇ ਰੱਖ ਕੇ ਰਹਿਮ ਦੀ ਦਰਖਾਸਤ ਕੀਤੀ। ਦੁੱਲੇ ਭੱਟੀ ਨੇ ਮਾਂ ਦੇ ਆਖਣ 'ਤੇ ਆਪਣੀ ਤਲਵਾਰ ਮਿਆਨ ਵਿੱਚ ਪਾ ਲਈ ਅਤੇ ਇੰਝ ਨਿਜ਼ਾਮੁਦੀਨ ਦੀ ਜਾਨ ਬਖਸ਼ੀ ਗਈ। ਪਰ ਇਸ ਮਕਾਰ ਨੇ ਮੌਕਾ ਮਿਲਦੇ ਹੀ ਖੁਫੀਆ ਫੌਜ ਦੀ ਮੱਦਦ ਨਾਲ ਦੁੱਲੇ ਨੂੰ ਗ੍ਰਿਫਤਾਰ ਕਰ ਲਿਆ। ਇਸ ਮੌਕੇ ਵੀ ਦੁੱਲੇ ਨੇ ਜਵਾਂ ਮਰਦੀ ਵਿਖਾਉਂਦਿਆਂ ਕਈਆਂ ਦੇ ਸਿਰ ਧੜ ਨਾਲੋਂ ਵੱਖ ਕੀਤੇ।

ਆਖਰਕਾਰ ਦੁੱਲੇ ਨੂੰ ਲਾਹੌਰ ਦਰਬਾਰ ਵਿੱਚ ਲਿਜਾਇਆ ਗਿਆ ਅਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ 26 ਮਾਰਚ 1589 ਨੂੰ ਮੁਹੱਲਾ ਨਖਾਸ ਚੌਂਕ (ਲੰਡਾ ਬਾਜ਼ਾਰ) ਦੇ ਨੇੜੇ ਨੌਂ ਲੱਖਾ ਬਜ਼ਾਰ ਵਿੱਚ ਸੂਲੀ ਉੱਤੇ ਟੰਗ ਦਿੱਤਾ ਗਿਆ। ਇਕ ਰਵਾਇਤ ਮੁਤਾਬਿਕ ਜਦੋਂ ਦੁੱਲੇ ਨੂੰ ਸੂਲੀ ਉੱਤੇ ਟੰਗਿਆ ਜਾ ਰਿਹਾ ਸੀ ਤਾਂ ਉਥੇ ਮਸ਼ਹੂਰ ਸੂਫ਼ੀ ਸ਼ਾਹ ਹੁਸੈਨ ਵੀ ਆਏ। ਉਨ੍ਹਾਂ ਨੇ ਝੂਮ ਝੂਮ ਕੇ ਅਜਿਹੀਆਂ ਰਮਜ਼ਾਂ ਭਰੀਆਂ ਕਾਫੀਆਂ ਪੜ੍ਹੀਆਂ ਜੋ ਕਿਆਮਤ ਤੱਕ ਪੱਥਰਾਂ 'ਤੇ ਉਲੀਕੀਆਂ ਗਈਆਂ। ਦੁਲਾ ਭੱਟੀ ਦੀ ਸਾਰੀ ਜੱਦੋ-ਜਹਿਦ ਕਿਸਾਨਾਂ ਉੱਤੇ ਢਾਏ ਜਾਣ ਵਾਲੇ ਜ਼ੁਲਮਾਂ ਤੇ ਜ਼ਬਰਾਂ ਦੇ ਖਿਲਾਫ ਸੀ। ਸਿੱਟਾ ਇਹ ਕਿ ਦੁੱਲਾ ਭੱਟੀ ਪੰਜਾਬ ਦਾ ਇਕ ਅਜਿਹਾ ਕਿਰਦਾਰ ਹੈ ਜਿਸ ਨੇ ਜਾਨ ਵਾਰ ਕੇ ਪੰਜਾਬ ਦੀ ਅਣਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਨਾ ਹੀ ਜ਼ਮਾਨਾ ਇਸ ਨੂੰ ਭੁਲਾ ਸਕਿਆ। ਅੱਜ ਤੱਕ ਜ਼ੁਲਮ ਦੇ ਖਿਲਾਫ ਲੜਨ ਵਾਲਾ ਦੁੱਲਾ ਭੱਟੀ ਪੰਜਾਬੀਆਂ ਦੇ ਜ਼ਹਿਨਾਂ ਵਿੱਚ ਰੋਜ਼ੇ ਰੋਸ਼ਨ ਦੀ ਤਰ੍ਹਾਂ ਕਾਇਮ ਹੈ।

ਦੁੱਲੇ ਭੱਟੀ ਦਾ ਕਿਰਦਾਰ ਸੁੰਦਰ ਮੁੰਦਰੀਏ ਦੀ ਦਾਸਤਾਨ ਦੇ ਹਵਾਲੇ ਨਾਲ ਵੀ ਇਕ ਗੈਰਤਮੰਦ ਤੇ ਬਹਾਦਰ ਪੰਜਾਬੀ ਦੀ ਗਵਾਹੀ ਦਿੰਦਾ ਹੈ। ਸੁੰਦਰ ਮੁੰਦਰੀ ਗਰੀਬ ਅਤੇ ਜ਼ਰੂਰਤਮੰਦ ਹਿੰਦੂ ਮੂਲ ਚੰਦ ਦੀ ਧੀ ਸੀ। ਉਹ

ਪਿੰਡੀ ਭੱਟੀਆਂ ਦੇ ਨੇੜਲੇ ਪਿੰਡ ਕੋਟ ਨੱਕਾ ਦਾ ਰਹਿਣ ਵਾਲਾ ਸੀ। ਉਥੇ ਦੇ ਮੁਸਲਮਾਨ ਜਗੀਰਦਾਰ ਨੇ ਸੁੰਦਰ ਮੁੰਦਰੀ ਨਾਲ ਜ਼ਬਰਦਸਤੀ ਸ਼ਾਦੀ ਕਰਨੀ ਚਾਹੀਦੀ ਤਾਂ ਉਸ ਦਾ ਬਾਪ ਮੂਲ ਚੰਦ ਫਰਿਆਦ ਲੈ ਕੇ ਦੁੱਲੇ ਭੱਟੀ ਕੋਲ ਗਿਆ। ਮੂਲ ਚੰਦ ਨੂੰ ਪਤਾ ਸੀ ਕਿ ਦੁੱਲਾ ਭੱਟੀ ਗਰੀਬਾਂ ਦਾ ਰਖਵਾਲਾ ਹੈ ਅਤੇ ਉਹ ਸਰਕਾਰੀ ਖਜ਼ਾਨੇ ਲੁੱਟ ਕੇ ਗਰੀਬਾਂ, ਮਸਕੀਨਾਂ ਤੇ ਜ਼ਰੂਰਤਮੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਚਾਹੇ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ ਦੁੱਲਾ ਸਭ ਨੂੰ ਇਕੋ ਨਜ਼ਰ ਨਾਲ ਵੇਖਦਾ ਸੀ। ਦੁੱਲਾ ਭੱਟੀ ਨੇ ਮੂਲ ਚੰਦ ਨੂੰ ਤਸੱਲੀ ਦਿੱਤੀ ਤੇ ਕਿਹਾ ਕਿ ਸੁੰਦਰ ਮੁੰਦਰੀ ਤੇਰੀ ਹੀ ਨਹੀਂ ਮੇਰੀ ਵੀ ਧੀ ਹੈ। ਮੈਨੂੰ ਇਹਦਾ ਹਕੀਕੀ ਪਿਓ ਸਮਝ ਤੇ ਮੈਂ ਇਹਦੀ ਸ਼ਾਦੀ ਕਿਸੇ ਚੰਗੇ ਹਿੰਦੂ ਲੜਕੇ ਨਾਲ ਕਰਵਾ ਦੇਵਾਂਗਾ। ਉਹਨੇ ਮੂਲ ਚੰਦ ਨੂੰ ਵਿਦਾ ਕਰਦਿਆਂ ਕਿਹਾ ਕਿ ਮੁਸਲਮਾਨ ਜ਼ਿੰਮੀਦਾਰ ਨੂੰ ਹਾਂ ਕਰਕੇ ਬਰਾਤ ਲਿਆਉਣ ਲਈ ਸੁਨੇਹਾ ਭੇਜ ਦਿਓ। ਮੈਂ ਸ਼ਾਦੀ ਵਾਲੇ ਦਿਨ ਖੁਦ ਉਥੇ ਆਵਾਂਗਾ। ਉਧਰ ਦੁੱਲਾ ਭੱਟੀ ਨੇ ਸਾਂਗਲਾ ਹਿੱਲ ਇਲਾਕੇ ਦੇ ਇਕ ਹਿੰਦੂ ਮੁੰਡੇ ਨਾਲ ਸੁੰਦਰ ਮੁੰਦਰੀ ਦਾ ਰਿਸ਼ਤਾ ਤੈਅ ਕਰਕੇ ਉਨ੍ਹਾਂ ਨੂੰ ਵੀ ਉਸੇ ਦਿਨ ਬਰਾਤ ਲਿਆਉਣ ਲਈ ਆਖ ਦਿੱਤਾ। ਜਦੋਂ ਜ਼ਿੰਮੀਦਾਰ ਸੱਜ ਧੱਜ ਕੇ ਬਰਾਤ ਸਮੇਤ ਮੂਲ ਚੰਦ ਦੇ ਘਰ ਪਹੁੰਚਿਆ ਤਾਂ ਦੁੱਲਾ ਭੱਟੀ ਦੇ ਸ਼ੇਰ ਜਵਾਨਾਂ ਨੇ ਉਹਨੂੰ ਦਬੋਚ ਲਿਆ ਅਤੇ ਸਾਰੇ ਬਰਾਤੀਆਂ ਦੀ ਲੰਮਿਆਂ ਪਾ ਕੇ ਖੂਬ ਛਤਰੌਲ ਕੀਤੀ। ਇੰਨੇ ਨੂੰ ਸਾਂਗਲੇ ਵਾਲਿਆਂ ਦੀ ਬਰਾਤ ਵੀ ਪਹੁੰਚ ਗਈ ਤੇ ਦੁੱਲਾ ਖੁਦ ਵੀ ਆ ਗਿਆ ਜਦ ਮੁੰਡੇ ਕੁੜੀ ਦੇ ਫੇਰੇ ਹੋਣ ਲੱਗੇ ਤਾਂ ਦੁੱਲਾ ਭੱਟੀ ਨੇ ਹਿੰਦੂ ਰੀਤੀ ਰਿਵਾਜ਼ ਮੁਤਾਬਿਕ ਬਾਪ ਦੀ ਜ਼ਿੰਮੇਵਾਰੀ ਨਿਭਾਈ। ਕੁੜੀ ਨੂੰ ਲਾਲ ਰੰਗ ਦਾ ਸਾਲੂ, ਉਹਦੇ ਵਿੱਚ ਗੁੜ ਦੀ ਰੋੜੀ ਰੱਖ ਕੇ ਤੋਹਫੇ ਵਜੋਂ ਦਿੱਤੀ। ਇਹ ਮੰਜ਼ਰ ਉਸ ਵੇਲੇ ਆਪਣੀ ਮਿਸਾਲ ਆਪ ਹੀ ਸੀ। ਪਿੰਡ ਵਾਲਿਆਂ ਨੇ ਤਾਂ ਖੁਦ ਵੇਖਿਆ ਤੇ ਆਲੇ-ਦੁਆਲੇ ਜਦੋਂ ਪਤਾ ਲੱਗਾ ਤਾਂ ਸਾਰੇ ਨੱਚ ਉੱਠ ਕੇ ਗਾਉਣ ਲੱਗੇ। ਉਹ ਭਰ ਸਰਦੀ ਦੇ ਕੜਾਕੇ ਵਾਲੇ ਦਿਨ ਸਨ ਪਰ ਉਨ੍ਹਾਂ ਦੇ ਗੀਤਾਂ ਨੇ ਗਰਮੀ ਪੈਦਾ ਕਰ ਦਿੱਤੀ। ਅੱਜ ਵੀ ਲੋਹੜੀ ਦੇ ਮੌਕੇ ਇਹ ਗੀਤ ਗਾਇਆ ਜਾਂਦਾ ਹੈ।

**ਸੁੰਦਰ ਮੁੰਦਰੀਏ...ਹੋ**
**ਤੇਰਾ ਕੌਣ ਵਿਚਾਰਾ...ਹੋ**
**ਦੁੱਲਾ ਭੱਟੀ ਵਾਲਾ...ਹੋ**
**ਦੁੱਲੇ ਧੀ ਵਿਆਹੀ...ਹੋ**
**ਸ਼ੇਰ ਸ਼ੱਕਰ ਪਾਈ...ਹੋ**

ਜਿਥੋਂ ਤੱਕ ਦੁੱਲਾ ਭੱਟੀ ਦੇ ਖਾਨਦਾਨ ਤੇ ਉਹਦੀ ਔਲਾਦ ਦਾ ਤੁਅੱਲਕ ਹੈ ਉਹ ਖੁਦ ਬਿਜਲੀ ਖਾਂ ਉਰਫ ਸਾਂਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਭੱਟੀ ਦਾ ਪੁੱਤਰ ਸੀ। ਬਿਜਲੀ ਖਾਂ ਹੋਰੀ ਤਿੰਨ ਭਰਾ ਸਨ ਫਤਹਿ ਖਾਂ, ਪਿਰੌਜੇ ਖਾਂ ਤੇ ਰਾਅ ਉਸਮਾਨ ਖਾਂ। ਇਨ੍ਹਾਂ ਵਿੱਚੋਂ ਫਤਹਿ ਖਾਂ ਦੀ ਔਲਾਦ ਪਿੰਡੀ ਭੱਟੀਆਂ ਦੇ ਨਜ਼ਦੀਕੀ ਪਿੰਡ ਫਤਹਿ ਵਿੱਚ ਵੱਸਦੀ ਹੈ, ਰਾਅ ਉਸਮਾਨ ਦੀ ਔਲਾਦ ਨੇ ਪਹਿਲਾਂ ਪਿੰਡ ਠੱਠਾ ਰਾਏ ਆਬਾਦ ਕੀਤਾ। ਪਿੱਛੋਂ ਲਾਹੌਰ ਦੇ ਪਿੰਡ ਮਿਰਖ ਕਲਾਂ, ਮਿਰਖ ਖੁਰਦ ਅਤੇ ਮਿਹਰਵਾਲਾ ਵਿੱਚ ਜਾ ਵੱਸੇ। ਪਿਰੌਜੇ ਦੀ ਔਲਾਦ ਦੁੱਲੇ ਕੀ ਪਿੰਡ ਵਿੱਚ ਆਬਾਦ ਹੈ। ਬਿਜਲੀ ਖਾਂ ਦੇ ਤਿੰਨ ਪੁੱਤਰ ਫਰੀਦ ਖਾਂ, ਪਰਾਣਾ ਅਤੇ ਸ਼ੇਖੂ ਸਨ। ਇਨ੍ਹਾਂ 'ਚੋਂ ਪਰਾਣਾ ਨੇ ਪਿੰਡੀ ਭੱਟੀਆਂ ਦੇ ਚੜ੍ਹਦੇ ਪਾਸੇ ਸੁੱਖੇ ਕੀ ਰੋਡ ਦੇ ਕਰੀਬ ਪਰਾਣੇ ਕੀ ਪਿੰਡ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਸੇ ਪਿੰਡ ਵਿੱਚ ਵਸਦੀ ਹੈ। ਜਦੋਂ ਕਿ ਸ਼ੇਖੂ ਦੇ ਪੰਜ ਬੇਟੇ ਸ਼ਾਹ ਮੁਹੰਮਦ, ਅਲੀ ਸ਼ੇਰ, ਸਾਬੂ, ਅਲਾਵਲ ਤੇ ਕੁਤਬਾ ਦੀਆਂ ਔਲਾਦਾਂ ਪਿੰਡੀ ਭੱਟੀਆਂ ਦੇ ਲਹਿੰਦੇ ਪਾਸੇ ਦੇ ਪਿੰਡ ਸ਼ਾਹ ਮੁਹੰਮਦ, ਮਕਸੂਦਾ, ਚੱਕ ਸਾਬੂ ਅਤੇ ਠੱਠੇ ਕੁਤਬਾ ਵਿੱਚ ਹਨ। ਖੁਦ ਦੁੱਲਾ ਭੱਟੀ ਹੋਰਾਂ ਪੰਜ ਭਰਾ ਸਨ – ਮਾਮੂਦ, ਬੁੱਢਾ, ਬਹਿਲੋਲ, ਸਲਾਰ ਅਤੇ ਆਦਮ। ਇਨ੍ਹਾਂ 'ਚੋਂ ਮਾਮੂਦ ਦੀ ਔਲਾਦ ਪਿੰਡੀ ਭੱਟੀਆਂ ਦੇ ਲਹਿੰਦੇ ਬੰਨੇ ਪਿੰਡਾਂ ਕੰਧਾਂ, ਮਿਰਜ਼ਾ ਭੱਟੀਆਂ ਤੇ ਸ਼ਾਹਪੁਰ ਵਿੱਚ ਹੈ। ਬਹਿਲੋਲ ਨੇ ਪਿੰਡ ਬਹਿਲੋਲ ਵਸਾਇਆ ਅਤੇ ਇਹਦੀਆਂ ਅਗਲੀਆਂ ਪੀੜ੍ਹੀਆਂ ਇਥੇ ਹੀ ਹਨ। ਬੁੱਢਾ ਦੀ ਔਲਾਦ ਪਿੰਡ ਭੱਟੀਆਂ ਦੇ ਆਸ-ਪਾਸ ਰਹਿੰਦੇ ਬੁੱਢੇ ਕੀ ਭੱਟੀ ਅਖਵਾਉਂਦੇ ਹਨ। ਸਲਾਰ ਦੇ ਤਿੰਨ ਬੇਟਿਆਂ ਕਰਮਦਾਦ, ਛੱਤੀ ਕਰਮਦਾਦ, ਚੱਕ ਭੱਟੀ, ਕੋਟ ਦਿਲਾਵਰ, ਸ਼ਾਹਕੋਟੀ ਭੱਟੀ, ਬਾਕਾ ਭੱਟੀ ਦੀਆਂ ਵਸਨੀਕ ਹਨ। ਜਿੱਥੋਂ ਤੱਕ ਦੁੱਲੇ ਭੱਟੀ ਦੀ ਆਪਣੀ ਪੀੜ੍ਹੀ ਦਾ ਤੁਅੱਲਕ ਹੈ ਉਹਦੇ ਬਾਬਤ ਵੱਖ-ਵੱਖ ਵਿਚਾਰ ਹਨ।

ਇਹਦੀ ਬੀਬੀ ਫੁਲਰਾਂ ਦਾ ਪਿਛੋਕੜ ਭੱਟੀ ਕਬੀਲੇ ਦਾ ਸੀ। ਲਕ ਰਵਾਇਤਾਂ ਵਿੱਚ ਦੁੱਲੇ ਦੇ ਤਿੰਨ ਪੁੱਤਰਾਂ ਅਤੇ ਧੀਆਂ ਦਾ ਜ਼ਿਕਰ ਹੈ। ਬੇਟੀਆਂ ਸਲੀਮੋ ਤੇ ਬਖਤੋ (ਬਖਤੁਨਿਸ਼ਾ) ਸਨ। ਬਖਤੋ ਪਿੰਡੀ ਭੱਟੀਆਂ 'ਤੇ ਹਮਲੇ 'ਚ ਮਾਰੀ ਗਈ ਸੀ। ਲੜਕਿਆਂ 'ਚ ਜਹਾਨ ਖਾਂ, ਕਮਾਲ ਖਾਂ ਅਤੇ ਨੂਰ ਖਾਂ ਸਨ। ਦੁੱਲਾ ਭੱਟੀ ਦੀ ਫਾਂਸੀ ਤੋਂ ਪਿੱਛੋਂ ਪਿੰਡੀ ਭੱਟੀਆਂ ਦੇ ਕਿਲੇ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਹਦੀਆਂ ਔਲਾਦਾਂ ਸਰਗੋਧੇ, ਮੰਡੀ ਬਹਾਉਦੀਨ, ਗੁਜਰਾਤ ਤੇ ਭੱਖਰ ਦੇ ਇਲਾਕਿਆਂ ਵਿੱਚ ਮੌਜੂਦ ਹਨ। ਜਹਾਨ ਖਾਂ ਕੁਝ ਅਰਸੇ ਪਿੱਛੋਂ ਪਿੰਡੀ ਭੱਟੀਆਂ ਆ ਗਿਆ ਅਤੇ ਇੱਥੇ ਪਿੰਡ ਦੁੱਲੇ ਕੀ ਮੁੜ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਥੇ ਵੱਸਦੀ ਰਸਦੀ ਹੈ।

**ਪੰਜਾਬੀ ਉਲੱਥਾ : ਡਾ. ਨਿਰਮਲ ਸਿੰਘ**

**ਲੇਖਕ - ਪ੍ਰੋ. ਅਸਲ ਸਲੀਮ ਸ਼ੇਖ ਵਾਇਸ ਪ੍ਰਿੰਸੀਪਲ,**
**ਸਰਕਾਰੀ ਡਿਗਰੀ ਕਾਲਜ,**
**ਪਿੰਡ ਭੱਟੀਆਂ ਜ਼ਿਲ੍ਹਾ ਹਾਫਿਜ਼ਾਬਾਦ- ਲਹਿੰਦਾ ਪੰਜਾਬ,**
**ਪਾਕਿਸਤਾਨ**


**ਜ਼ਰੂਰੀ ਨਹੀਂ ਕਿ ਹਰ ਸਮੇਂ ਰੱਬ ਦਾ ਨਾਮ ਤੁਹਾਡੀ ਜ਼ੁਬਾਨ ਤੇ ਆਏ। ਉਹ ਸਮਾਂ ਵੀ ਭਗਤੀ ਤੋਂ ਘੱਟ ਨਹੀਂ ਜਦੋਂ ਇੱਕ ਇਨਸਾਨ ਦੂਜੇ ਦੇ ਕੰਮ ਆਏ।**

# ਵਿਸਰਦਾ ਜਾਂਦਾ ਵਿਰਸਾ



**ਕੋਟਲਾ ਛਪਾਕੀ** - ਇਸ ਖੇਡ ਨੂੰ ਖੇਡਣ ਲਈ ਕੋਈ ਵੀ ਰੁੱਤ, ਸਮੇਂ, ਸਥਾਨ ਅਤੇ ਖਿਡਾਰੀਆਂ ਦੀ ਗਿਣਤੀ-ਮਿਣਤੀ ਦੀ ਲੋੜ ਨਹੀਂ ਪੈਂਦੀ। ਇਸ ਖੇਡ ਨੂੰ ਖੇਡਣ ਵਾਸਤੇ ਜਿੰਨੇ ਵੀ ਬੱਚੇ, ਜਦੋਂ ਚਾਹੁਣ ਜਿਥੇ ਮਰਜ਼ੀ ਥੋੜ੍ਹੀ ਜਿਹੀ ਜਗ੍ਹਾ ਵਿਚ ਗੋਲ ਦਾਇਰੇ ਵਿਚ ਬੈਠ ਕੇ ਖੇਡ ਸਕਦੇ ਹਨ। ਇਸ ਖੇਡ ਲਈ ਸਮਾਨ ਸਿਰਫ਼ ਕੱਪੜੇ ਦਾ ਭਾਵੇਂ ਪੁਰਾਣਾ ਕੱਪੜਾ ਹੀ ਕਿਉਂ ਨਾ ਹੋਵੇ, ਉਸ ਨੂੰ ਵੱਟ ਕੇ (ਜਿਵੇਂ ਰੱਸਾ ਵੱਟੀ ਦਾ ਹੈ) ਕੋਟਲਾ ਬਣਾਇਆ ਜਾਂਦਾ ਹੈ। ਜਿਸ ਬੱਚੇ ਦੀ ਮੀਤੀ (ਦਾਈ) ਜਾਂ ਵਾਰੀ ਆਈ ਹੋਵੇ, ਜਿਸ ਨੂੰ ਕਿ ਬੱਚੇ ਅਕੜ ਬਕੜ ਭੰਬੇ ਬੋ ਪੜ੍ਹ ਕੇ ਇਕ-ਇਕ ਨੂੰ ਪੁਗਾਈ ਜਾਂਦੇ ਹਨ ਤੇ ਜੋ ਅਖੀਰ ਤੇ ਬੱਚ ਗਿਆ ਉਸ ਦੀ ਵਾਰੀ ਜਿਸਨੂੰ ਕਿ ਮੀਤੀ ਜਾਂ ਦਾਈ ਕਿਹਾ ਜਾਂਦਾ ਹੈ, ਆ ਜਾਂਦੀ ਹੈ। ਫਿਰ ਸ਼ੁਰੂ ਕਰਦੇ ਹਨ ਖੇਡ ਖੇਡਣੀ : ਸਭ ਤੋਂ ਪਹਿਲਾਂ ਗੋਲ ਧਾਰੇ ਵਿਚ ਸਾਰੇ ਬੱਚੇ ਬੈਠ ਜਾਂਦੇ ਹਨ ਤੇ ਉਨ੍ਹਾਂ ਦੇ ਪਿੱਛੇ ਮੀਟੀ ਜਾਂ ਮੀਤੀ ਜਾਂ ਦਾਈ ਵਾਲਾ ਬੱਚਾ ਕੋਟਲਾ ਆਪਣੀ ਕਮੀਜ਼ ਥੱਲੇ ... ਕੇ ਸਾਰਿਆਂ ਦੇ ਪਿੱਛੇ ਘੁੰਮਦਾ ਹੈ ਹੈ ਤੇ ਨਾਲ-ਨਾਲ ਗਾਉਂਦਾ ਹੈ। 'ਕੋਟਲਾ ਛਪਾਕੀ ਜੁੰਮੇ ਰਾਤ ਆਈ ਜੇ' ਤਾਂ ਬਾਕੀ ਬੱਚੇ ਉਸ ਦਾ ਜਵਾਬ ਰਲ ਕੇ ਇਕੱਠੇ ਹੋ ਕੇ ਦਿੰਦੇ ਹਨ 'ਜਿਹੜਾ ਅੱਗੇ-ਪਿੱਛੇ ਮੁੜ ਕੇ ਦੇਖੇ ਉਹਦੀ ਸ਼ਾਮਤ ਆਈ ਏ'। ਫਿਰ ਕੋਟਲਾ ਲੈ ਕੇ ਘੁੰਮ ਰਿਹਾ ਬੱਚਾ ਚੁੱਪ ਚੁਪੀਤੇ ਕਿਸੇ ਨਾ ਕਿਸੇ ਬੱਚੇ ਦੇ ਪਿਛੇ ਕੋਟਲਾ, ਅੱਖ ਬਚਾ ਕੇ ਰੱਖ ਦਿੰਦਾ ਹੈ। ਜੇਕਰ ਅਗਲੇ ਚੱਕਰ ਤੱਕ ਉਸ ਬੱਚੇ ਨੂੰ ਪਤਾ ਨਾ ਲੱਗੇ ਤਾਂ ਵਾਰੀ ਦੇਣ ਵਾਲਾ ਖਿਡਾਰੀ (ਬੱਚਾ) ਜਦ ਉਸ ਕੋਟਲਾ ਰੱਖੇ ਹੋਏ ਬੱਚੇ ਕੋਲ ਪਹੁੰਚਦਾ ਹੈ ਤਾਂ ਕੋਟਲਾ ਚੁੱਕ ਕੇ ਉਸ ਬੱਚੇ ਨੂੰ ਮਾਰਨ ਲੱਗ ਪੈਂਦਾ ਹੈ ਤੇ ਉਸ ਬੱਚਾ ਕੋਟਲੇ ਤੋਂ ਬਚਦਾ-ਬਚਦਾ ਦੌੜਦਾ ਹੈ ਤੇ ਕੋਸ਼ਿਸ਼ ਕਰਦਾ ਹੈ ਕਿ ਕੋਟਲਾ ਉਸ ਦੇ ਨਾਂ ਲੱਗੇ ਤੇ ਆ ਕੇ ਆਪਣੇ ਸਥਾਨ ਤੇ ਬੈਠ ਜਾਂਦਾ ਹੈ। ਅਗਰ ਕੋਟਲਾ ਰੱਖਣ ਸਮੇਂ, ਜਿਸ ਬੱਚੇ ਦੇ ਪਿੱਛੇ ਰੱਖਿਆ ਹੈ ਉਸ ਨੂੰ ਪਤਾ ਚੱਲ ਜਾਵੇ ਤਾਂ ਉਹ ਕੋਟਲਾ ਚੁੱਕ ਕੇ ਕੋਟਲਾ ਰੱਖਣ ਵਾਲੇ ਖਿਡਾਰੀ ਨੂੰ ਮਾਰਨਾ ਸ਼ੁਰੂ ਕਰਦਾ ਹੈ ਤੇ ਉਹ ਦੌੜ ਕੇ ਬਚਦਾ ਹੈ। ਇਸ ਤਰ੍ਹਾਂ ਚੱਕਰ ਕੱਟਦਾ-ਕੱਟਦਾ ਖਿਡਾਰੀ ਕੋਟਲਾ ਮਾਰਨ ਵਾਲੇ ਖਿਡਾਰੀ ਦੀ ਜਗ੍ਹਾ ਤੇ ਬੈਠ ਜਾਂਦਾ ਹੈ ਤੇ ਜਿਸ ਖਿਡਾਰੀ ਦੇ ਕੋਲ ਕੋਟਲਾ ਹੁੰਦਾ ਹੈ ਹੁਣ ਉਹ ਘੁੰਮਦਾ ਹੈ ਤੇ ਗਾਉਂਦਾ ਹੈ ਕੋਟਲਾ ਛਪਾਕੀ ਜੁੰਮੇ ਰਾਤ ਆਏ ਜੇ ਤੇ ਪਹਿਲਾਂ ਵਾਂਗ ਬਾਕੀ ਸਾਥੀ ਮਿਲ ਕੇ ਉਸਦਾ ਜਵਾਬ ਦਿੰਦੇ ਹਨ। ਇਸ ਪ੍ਰਕਾਰ ਕੋਟਲਾ ਕਈ ਵਾਰੀ ਰੱਖਿਆ ਜਾਂਦਾ ਹੈ ਤੇ ਕਈ ਵਾਰ ਚੁੱਕਿਆ ਜਾਂਦਾ ਹੈ। ਗੋਲਧਾਰੇ ਦੇ ਦੁਆਲੇ ਘੁੰਮਦੇ-ਘੁੰਮਦੇ ਤੇ ਇਸ ਖੇਡ ਨੂੰ ਖੇਡਦੇ ਹੋਏ ਬੱਚੇ ਗੇਮ ਦਾ ਪੂਰਾ-ਪੂਰਾ ਅਨੰਦ ਮਾਣਦੇ ਹਨ। ਇਸ ਗੇਮ ਵਿਚ ਪਿੱਛੇ ਮੁੜ ਕੇ ਦੇਖਣਾ ਅਤੇ ਵਾਰੀ ਦੇਣ ਵਾਲੇ ਦੀ ਤਾੜਨਾ ਅਤੇ ਕੋਟਲੇ ਦੀ ਮਾਰ ਦੀ ਸਥਿਤੀ ਤੋਂ ਪੰਜਾਬੀਆਂ ਦੇ ਨਿੱਡਰ ਅਤੇ ਸਾਹਸੀ ਸੁਭਾਅ ਦਾ ਪਤਾ ਲੱਗਦਾ ਹੈ।


ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524

## ਆਓ ਹੱਸੀਏ

ਰਾਤ ਨੂੰ ਦੋ ਵਜੇ ਮਕਾਨ ਮਾਲਕ ਦੇ ਦਰਵਾਜ਼ੇ ਤੇ ਕਿਰਾਏਦਾਰ ਨੇ ਘੰਟੀ ਵਜਾਈ। ਦਰਵਾਜ਼ਾ ਖੜਕਾਇਆ ਤੇ ਫਿਰ ਜ਼ੋਰ ਦੀ ਆਵਾਜ਼ ਲਗਾਈ। ਮਕਾਨ ਮਾਲਕ ਨੇ ਬੜੀ ਗਹਿਰੀ ਨੀਂਦ ਵਿਚੋਂ ਉੱਠ ਕੇ ਦਰਵਾਜ਼ਾ ਖੋਲ੍ਹਿਆ ਅਤੇ ਬੋਲਿਆ 'ਦੱਸੋ'?

ਕਿਰਾਏਦਾਰ ਬੋਲਿਆ, "ਗੱਲ ਇਹ ਹੈ ਕਿ ਮੈਂ ਇਸ ਮਹੀਨੇ ਦਾ ਕਿਰਾਇਆ ਨਹੀਂ ਦੇ ਸਕਦਾ।"

ਮਕਾਨ ਮਾਲਕ ਨੇ ਗੁੱਸੇ ਵਿਚ ਕਿਹਾ, "ਪਰ ਇਹ ਗੱਲ ਤਾਂ ਤੂੰ ਮੈਨੂੰ ਸਵੇਰੇ ਵੀ ਦੱਸ ਸਕਦਾ ਸੀ।"

ਕਿਰਾਏਦਾਰ ਨੇ ਉੱਤਰ ਦਿੱਤਾ, "ਮੈਂ ਸੋਚਿਆ ਕਿ ਇਸ ਸਿਲਸਿਲੇ ਵਿਚ ਮੈਂ ਇਕੱਲਾ ਹੀ ਕਿਉਂ ਚਿੰਤਾ ਵਿਚ ਰਹਾਂ।"

***

ਫਕੀਰ ਚੰਦ ਆਪਣੀ ਘਰ ਵਾਲੀ ਨਾਲ ਲੜ ਪਿਆ ਅਤੇ ਗੁੱਸੇ ਵਿਚ ਰੱਬ ਨੂੰ ਸੰਬੋਧਨ ਹੋ ਕੇ ਉੱਚੀ-ਉੱਚੀ ਕਹਿਣ ਲੱਗਾ, "ਹੇ ਪਰਮਾਤਮਾ! ਮੈਂ ਇਸ ਔਰਤ ਤੋਂ ਬਹੁਤ ਦੁਖੀ ਹਾਂ, ਮੈਨੂੰ ਚੁੱਕ ਲੈ।" ਫਕੀਰ ਚੰਦ ਦੀ ਘਰ ਵਾਲੀ ਵੀ ਬਹੁਤ ਗੁੱਸੇ ਵਿਚ ਸੀ ਉਹ ਵੀ ਹੱਥ ਜੋੜ ਕੇ ਉੱਪਰ ਵੱਲ ਮੂੰਹ ਕਰਕੇ ਕਹਿਣ ਲੱਗੀ ਹੇ ਪ੍ਰਮਾਤਮਾ ਮੈਂ ਵੀ ਇਸ ਇਨਸਾਨ ਕੋਲੋਂ ਬਹੁਤ ਦੁਖੀ ਹਾਂ, ਮੈਨੂੰ ਵੀ ਚੁੱਕ ਲੈ।" ਇਸ ਤੇ ਫਕੀਰ ਚੰਦ ਨੇ ਵਿਅੰਗਮਈ ਹੋ ਕੇ ਕਿਹਾ, "ਰੱਬਾ। ਚੱਲ ਮੇਰੀ ਭਾਵੇਂ ਨਾ ਸੁਣ, ਇਹਦੀ ਵਿਚਾਰੀ ਦੀ ਗੱਲ ਮੰਨ ਲੈ।"

## ਮੁਹਾਵਰੇ

1. **ਅੱਖਾਂ ਉੱਤੇ ਬਿਠਾਉਣਾ** - ਆਦਰ ਕਰਨਾ।
2. **ਸੰਗਲਾਂ ਦੇ ਜਿੰਨ ਹੋਣਾ** - ਜੁੱਤੀ ਦੇ ਆਰ ਹੋਣਾ, ਸਿੱਧੀ ਤਰ੍ਹਾਂ ਕਾਬੂ ਨਾ ਆਉਣ ਵਾਲਾ ਹੋਣਾ।
3. **ਕੰਡਿਆਂ ਨਾਲ ਪ੍ਰੀਤ ਨਿਭਾਉਣੀ** - ਔਕੜਾਂ ਤੋਂ ਨਾ ਡਰਨਾ।
4. **ਖਾਲੀ ਸੰਖ ਵਜਾਉਣਾ** - ਫਜ਼ੂਲ ਕੰਮ ਕਰਨਾ।

## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ 15 .12 .2024 ਨੂੰ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ



5. **ਉੱਡਦੇ ਸੱਪ ਕੀਲਣਾ** - ਔਖੇ ਕੰਮ ਤੇ ਕਾਬੂ ਪਾਉਣਾ।

### ਅਖਾਣ

1. **ਦਿਨੇ ਤਾਂ ਫਿਰਦੀ ਊਣੀ ਰਾਤ ਪਵੇ ਤਾਂ ਫੜ ਲਏ ਪੂਣੀ** : ਜਦੋਂ ਕੋਈ ਕੰਮ ਵੇਲੇ ਤਾਂ ਵਿਹਲਾ ਫਿਰੀ ਜਾਏ ਤੇ ਕਵੇਲੇ ਕੰਮ ਸ਼ੁਰੂ ਕਰੇ ਤਾਂ ਕਹਿੰਦੇ ਹਨ।

2. **ਢੱਗਿਆ ਤੈਨੂੰ ਚੋਰ ਲੈ ਜਾਣ ਅਖੇ ਯਾਰਾਂ ਨੇ ਪੱਠੇ ਹੀ ਖਾਣੇ ਹਨ** : ਜਦੋਂ ਕੋਈ ਆਦਮੀ ਕੇਵਲ ਪੇਟ ਭਰਨ ਦੇ ਉਦੇਸ਼ ਨਾਲ ਕੰਮ ਕਰੀ ਜਾਵੇ ਭਾਵੇਂ ਕਿਤੇ ਵੀ ਕਰਨਾ ਪਵੇ ਤਾਂ ਕਿਹਾ ਜਾਂਦਾ ਹੈ।

3. **ਉਹ ਮੰਗੇ ਨੱਥ ਘੜਾਈ ਉਹ ਮੰਗੇ ਨੱਕ ਵਢਾਈ** : ਜਦੋਂ ਕਿਸੇ ਵਿਅਕਤੀ ਦੀ ਉਜਰਤ ਦੇਣ ਦੀ ਬਜਾਏ ਬਹਾਨੇਬਾਜ਼ੀ ਕੀਤੀ ਜਾਵੇ ਤਾਂ ਕਿਹਾ ਜਾਂਦਾ ਹੈ।

4. **ਨਾ ਹੀਰ ਮੁੱਕੀ ਏ ਨਾ ਸਾਰੰਗੀ ਟੁੱਟੀ ਏ** : ਜਦੋਂ ਕਿਸੇ ਸ਼ਰੀਕ ਨਾਲ ਚੱਲ ਰਹੇ ਝਗੜੇ ਦੇ ਅੰਤ ਦਾ ਕੋਈ ਪਤਾ ਨਾ ਹੋਵੇ ਤਾਂ ਕਿਹਾ ਜਾਂਦਾ ਹੈ।

## ਅਜੋਕਾ ਯੁੱਗ ਤੇ ਕੰਪਿਊਟਰ

ਅਸੀਂ ਪਿਛਲੇ ਅੰਕਾਂ ਵਿਚ ਲਗਾਤਾਰ ਕੰਪਿਊਟਰ ਬਾਰੇ ਪੜ੍ਹ ਚੁੱਕੇ ਹਾਂ ਹੁਣ ਅਖੀਰ ਤੇ ਕੰਪਿਊਟਰ ਨਾਲ ਜੁੜੇ ਕੁਝ ਸ਼ਬਦ, ਜੋ ਕਿ ਅਕਸਰ ਬੋਲੇ ਜਾਂਦੇ ਹਨ ਭਾਵੇਂ ਅਸੀਂ ਕੰਪਿਊਟਰ ਵਰਤ ਰਹੇ ਹੋਈਏ, ਕੰਪਿਊਟਰ ਰਿਪੇਅਰ ਕਰਵਾ ਰਹੇ ਹੋਈਏ ਜਾਂ ਪ੍ਰੋਗਰਾਮਿੰਗ ਕਰਵਾ ਰਹੇ ਹੋਈਏ ਇਹ ਸ਼ਬਦ ਆਮ ਹੀ ਵਰਤੋਂ ਵਿਚ ਆਉਂਦੇ ਰਹਿੰਦੇ ਹਨ।

ਅਕਾਊਂਟ, ਐਡਰੈੱਸ, ਐਪਲੀਕੇਸ਼ਨ, ਆਡੀਓ, ਬੈਕਅੱਪ, ਬਾਰ, ਬੋਲਡ, ਬਰਾਊਸਰ, ਬੁਲਟਿੰਗ, ਕਾਲ, ਕੈਮਰਾ, ਕਲਿੱਕ, ਕਾਲਮ, ਕਮਾਂਡ, ਕੁਨੈਕਸ਼ਨ, ਕਾਪੀ, ਕੋਰਪਸ, ਕੱਟ, ਡਾਟਾ, ਡੇਟਬੇਸ, ਡਲੀਟ, ਡਿਜ਼ੀਟਲ, ਡਾਇਰੈਕਟਰੀ, ਡਿਸਕ, ਡਿਸਕ ਡਰਾਈਵ, ਡਾਊਨਲੋਡ, ਡਰਾਇਵ, ਇਲੈਕਟ੍ਰੀਕਲ, ਇਲੈਕਟ੍ਰਾਨਿਕ, ਈ-ਮੇਲ, ਐਕਪਲੋਰਰ, ਫਾਈਲ, ਫੋਲਡਰ, ਫੋਰਮੈਟ, ਹੋਮ ਸਕਰੀਨ, ਇਨਪੁੱਟ, ਇਨਸਟਾਲ, ਇੰਟਰਨੈਟ, ਇੰਟਰਨੈਟ ਐਕਸਪਲੋਰਰ, ਇਟੈਲਿਕ, ਕੀ, ਕੀ-ਬੋਰਡ, ਲਾਇਨ ਸਪੇਸ, ਮੈਟਰ, ਮੈਮਰੀ, ਮੈਮਰੀ ਕਾਰਡ, ਮੀਨੂ, ਮਾਈਕ੍ਰੋਫ਼ੋਨ, ਨੈਟਵਰਕ, ਨੰਬਰਿੰਗ, ਵਨ ਡਰਾਈਵ, ਆਨਲਾਈਨ, ਅਪਰੇਟਿੰਗ ਸਿਸਟਮ, ਅਪ੍ਰੇਟਰ, ਆਪਸ਼ਨ, ਔਟਪੁਟ, ਪੇਟਿੰਗ, ਪਾਸਵਰਡ, ਪੇਸਟ, ਪੀ.ਸੀ., ਪੈਨਡਰਾਈਵ, ਫੋਟੋ ਗੈਲਰੀ, ਪਿਕਸਲ, ਪੋਰਟੇਬਲ, ਪ੍ਰੈਸਨਟੇਸ਼ਨ, ਪ੍ਰੋਸੈਸਰ, ਰਿਕਾਰਡ, ਰਿਮੋਵੇਬਲ ਡਿਸਕ, ਰੋ, ਸੇਵ, ਸਕੈਨਰ, ਸਕਰੀਨ, ਸਕਰੋਲ, ਸਰਚ, ਸਰਚ ਬਾਰ, ਸਰਚ ਇੰਜਣ, ਸਕਿਉਰਿਟੀ, ਸਲਾਈਡ ਸੋ, ਸਮਾਰਟ, ਸਪਰੈਡਸੀਟ, ਸਟੋਰੇਜ਼ ਡੀਵਾਈਸ, ਟੈਸਟ, ਟੂਲਬਾਕਸ, ਟਾਈਪ, ਅੰਡਰਲਾਈਨ, ਅੱਪਡੇਟ, ਅੱਪਲੋਡ, ਯੂ.ਐਸ.ਬੀ., ਵੀਡੀਓ, ਵਾਲਪੇਪਰ, ਵੈੱਬਸਾਈਟ, ਵਿੰਡੋ, ਵਿੰਡੋ ਐਕਸਪਲੋਰਰ, ਵਾਈਰਲੈਸ ਅਤੇ ਵਰਲਡ ਪ੍ਰੋਸੈਸਰ ਆਦਿ।

## ਸਿਹਤ ਸੰਭਾਲ

# ਤੰਦਰੁਸਤ ਰਹਿਣ ਵਾਸਤੇ ਸੁਖੈਣ ਤਰੀਕੇ

**ਵੈਦ ਮੇਘਨਾਥ ਜੀ**

ਹਰ ਮਨੁੱਖ ਦੀ ਇਹ ਇੱਛਾ ਬਣੀ ਰਹਿੰਦੀ ਹੈ ਕਿ ਮੈਂ ਤੰਦਰੁਸਤ ਰਹਾਂ, ਮੈਨੂੰ ਕੋਈ ਰੋਗ ਨਾ ਲੱਗੇ, ਮੈਂ ਸੁੱਖ ਨਾਲ ਲੰਮੀ ਉਮਰ ਭੋਗਾਂ। ਇਹ ਕੇਵਲ ਸੋਚਣ ਨਾਲ ਨਹੀਂ ਹੋ ਸਕਦਾ। ਸਿਆਣੇ ਵਿਦਿਵਾਨਾਂ ਨੇ ਆਯੁਰਵੈਦਿ ਵਿਧੀ ਅਨੁਸਾਰ ਤੰਦਰੁਸਤ ਰਹਿਣ ਦੇ ਬਹੁਤ ਹੀ ਸੁਖੈਣ ਤਰੀਕੇ ਦੱਸੇ ਹਨ ਜੇਕਰ ਗੁਰੂਆਂ ਮਹਾਂਪੁਰਸ਼ਾਂ ਦੀ ਮੱਤ ਅਨੁਸਾਰ ਅਸੀਂ ਚੱਲੀਏ ਤਾਂ ਸਾਡਾ ਮਨ ਵੀ ਅਤੇ ਤਨ ਵੀ ਤੰਦਰੁਸਤ ਰਹਿ ਸਕਦਾ ਹੈ ਜਿਵੇਂ ਕਿ ਗੁਰਬਾਣੀ ਦਾ ਫੁਰਮਾਣ ਹੈ –

**ਕਰਿ ਇਸ਼ਨਾਨ ਸਿਮਰ ਪ੍ਰਭੁ ਅਪਨਾ**
**ਮਨ ਤਨ, ਭਇ ਅਰੋਗਾ।**
**(ਸੋਰਠ ਮਹੱਲਾ ਪੰਜਵਾਂ)**

ਸਭ ਤੋਂ ਪਹਿਲਾਂ ਸਾਧਨ ਸਰੀਰ ਅਤੇ ਮਨ ਹੈ ਪਰ ਮੁੱਖ ਦਸ ਇੰਦਰੀਆਂ ਹਨ (ਪੰਜ ਕਰਮ ਇੰਦਰੀਆਂ ਪੰਜ ਗਿਆਨ ਇੰਦਰੀਆਂ0

1. **ਕਰਮ ਇੰਦਰੀਆਂ** - ਹੱਥ, ਪੈਰ, ਮੂੰਹ, ਪਿਸ਼ਾਬ, ਮਲ ਦੁਆਰ ਆਦਿ ਇਹ ਪੰਜ ਕਰਮ ਇੰਦਰੀਆਂ ਹਨ।

1. **ਗਿਆਨ ਇੰਦਰੀਆਂ** - ਅੱਖ, ਨੱਕ, ਕੰਨ, ਜੀਭ, ਚਮੜੀ ਜਿਨ੍ਹਾਂ ਨਾਲ ਦੇਖਣਾ, ਸੁੰਘਣਾ, ਸੁਣਨਾ ਸੁਆਦ ਚੱਖਣਾ ਅਤੇ ਸਪਰਸ਼ ਕਰਨਾ ਇਹ ਪੰਜ ਗਿਆਨ ਇੰਦਰੀਆਂ ਅਤੇ ਉਨ੍ਹਾਂ ਦੇ ਕਰਮ ਹਨ। ਮਨ ਅਤੇ ਸਰੀਰ ਤੰਦਰੁਸਤ ਰਹਿਣਾ ਹੀ ਤੰਦਰੁਸਤੀ ਹੈ ਆਯੁਰਵੇਦ ਵਿੱਚ ਲਿਖਿਆ ਹੈ –

ਬਾਤ, ਪਿੱਤ, ਕਫ਼ (ਹਵਾ, ਪਾਣੀ, ਅੱਗ) ਸਮਾਨ ਹੋਣ ਪੇਟ ਦੀ ਅਗਨੀ ਸਮ ਹੋਵੇ ਜਿਵੇਂ ਕਿ ਸਮੇਂ ਸਿਰ ਭੁੱਖ ਲੱਗਣੀ ਤੇ ਖਾਣਾ ਹਜ਼ਮ ਹੋ ਜਾਣਾ ਜੋ ਅਸੀਂ ਖੁਰਾਕ ਖਾਂਦੇ ਹਾਂ ਉਸ ਦੀਆਂ 7 ਧਾਤੂ ਬਣਦੀਆਂ ਹਨ 1. ਰਸ ਧਾਤੂ, 2. ਰਕਤ ਧਾਤੂ, 3. ਮਾਸ ਧਾਤੂ, 4. ਮੇਦ ਧਾਤੂ (ਚਰਬੀ) 5. ਅਸਤੀ ਧਾਤੂ (ਹੱਡੀ) 6. ਮੱਜਾ ਧਾਤੂ (ਹੱਡੀਆਂ ਅੰਦਰ ਲਾ ਤਰਲ) 7. ਵੀਰਜ਼ ਧਾਤੂ, ਇਹ ਸਮ ਹੋਣ ਸਮੇਂ ਸਿਰ ਮਲ ਮੂਤਰ ਦਾ ਤਿਆਗ ਹੁੰਦਾ ਹੋਵੇ, ਮਨ ਆਤਮਾ ਪ੍ਰਸੰਨ ਹੋਣ ਤਾਂ ਆਯੁਰਵੇਦ ਅਨੁਸਾਰ ਇਹ ਤੰਦਰੁਸਤੀ ਦੇ ਲੱਛਣ ਹਨ। ਦੁਨੀਆਂ ਵਿੱਚ ਬੇਅੰਤ ਪਦਾਰਥ ਹਨ, ਇਨ੍ਹਾਂ ਦਾ ਸੁੱਖ ਭੋਗਣ ਲਈ ਸਭ ਤੋਂ ਵੱਡਾ ਪਦਾਰਥ ਤੰਦਰੁਸਤੀ ਹੈ। ਸਰੀਰ ਨੂੰ ਰਿਸ਼ਟ ਪੁਸ਼ਟ, ਨਿਰੋਗ ਰੱਖਣ ਵਾਸਤੇ ਸੁਖੈਣ ਤਰੀਕੇ ਹੇਠਾਂ ਲਿਖੇ ਜਾ ਰਹੇ ਹਨ ਜੋ ਹਰ ਇੱਕ ਲਈ ਲਾਭਕਾਰੀ ਹਨ :

1. ਸਵੇਰੇ ਅੰਮ੍ਰਿਤ ਵੇਲੇ ਚਾਰ ਵਜੇ ਬ੍ਰਹਮ ਮਹੂਰਤ (ਰਾਤ ਦਾ ਚੌਥਾ ਪਹਿਰ) ਉੱਠਣਾ ਚਾਹੀਦਾ ਹੈ ਸੌਣ ਲਈ 6 ਘੰਟੇ ਬਹੁਤ ਹਨ ਹੱਥ ਮੂੰਹ ਧੋ ਕੇ ਕੁਰਲਾ ਕਰਕੇ ਪਾਣੀ ਪੀਵੇ ਤਾਂ ਗਰਮੀ ਦੇ ਰੋਗ ਤੇ ਕਬਜ਼ ਦੂਰ ਰਹਿੰਦੇ ਹਨ ਅਤੇ ਸਰੀਰ ਫੁਰਤੀਲਾ ਹੁੰਦਾ ਹੈ।

2. ਸਵੇਰੇ ਖਾਲੀ ਪੇਟ 1 ਤੋਂ ਅੱਧਾ ਘੰਟਾ ਕੋਈ ਨਾ ਕੋਈ ਕਸਰਤ ਜਾਂ ਯੋਗ ਅਭਿਆਸ ਜ਼ਰੂਰ ਕਰੇ ਜਾਂ ਇੱਕ ਹੀ ਥਾਂ ਤੇ ਮੂੰਹ ਬੰਦ ਕਰਕੇ ਖੜ੍ਹਾ-ਖੜ੍ਹਾ ਦੋੜੇ, ਜਾਂ ਪਾਣੀ ਵਿੱਚ ਤੈਰਦਾ ਜਾਂ ਪੈਰੀਂ ਚੱਲ ਕੇ ਸੈਰ ਕਰਨੀ, ਇਹ ਕਸਰਤ ਤੰਦਰੁਸਤੀ ਲਈ ਲਾਭਕਾਰੀ ਹੈ।

3. ਸਵੇਰੇ ਦਿਸ਼ਾ (ਟੱਟੀ) ਜਾਣ ਤੋਂ ਬਾਅਦ ਦੰਦਾਂ ਦੀ ਰੱਖਿਆ ਲਈ ਆਯੁਰਵੈਦਿਕ ਮੰਜਨ ਜਾਂ ਕਿੱਕਰ ਦੀ ਦਾਤਨ ਚੱਬ-ਚੱਬ ਕੇ ਕਰਨੀ ਚਾਹੀਦੀ ਹੈ ਕਿਉਂਕਿ ਦਾਤਨ ਨਾਲ ਦੰਦਾਂ ਦੀ ਕਸਰਤ ਹੁੰਦੀ ਹੈ ਬੁਰਸ਼ ਦੀ ਬਿਜਾਏ ਦਾਤਨ ਬਹੁਤ ਅੱਛੀ ਹੈ।

4. ਹਰ ਰੋਜ਼ਤਾਜ਼ੇ ਪਾਣੀ ਨਾਲ ਜਾਂ ਰੁੱਤ ਅਨੁਸਾਰ ਅਨਕੂਲ ਪਾਣੀ ਨਾਲ ਇਸ਼ਨਾਨ ਕਰੇ, ਸਰ੍ਹੋਂ ਜਾਂ ਤਿਲਾਂ ਦਾ ਤੇਲ ਸਿਰ ਤੇ ਲਾਵੇ ਜਾਂ ਕੋਈ ਸੁਗੰਧਤ ਤੇਲ ਔਲਾ, ਬ੍ਰਹਮੀ ਆਦਿ ਲਾਵੇ ਕੇਸਾਂ ਦੀ ਸਫਾਈ ਲਈ ਕੰਘਾ ਜ਼ਰੂਰ ਕਰੇ।

5. ਆਤਮ ਅਤੇ ਮਾਨਸਿਕ ਬਲ ਵਾਸਤੇ ਆਪੋ-ਆਪਣੇ ਧਰਮ ਅਨੁਸਾਰ ਪ੍ਰਮਾਤਮਾਂ ਨੂੰ ਯਾਦ ਕਰਨਾ ਅਤਿ ਜ਼ਰੂਰੀ ਹੈ।

6. ਚੰਗੀ ਭੁੱਖ ਲੱਕੀ ਤੋਂ ਹੀ ਵੈਸ਼ਨੂੰ ਤਾਜ਼ਾ ਭੋਜਨ (ਹਲਕਾ ਪੋਸ਼ਟਿਕ) ਪ੍ਰਸੰਨ ਚਿੱਤ ਹੋ ਕੇ ਸ਼ਾਂਤ ਮਨ ਨਾਲ ਹੌਲੀ-ਹੌਲੀ ਚਬਾ-ਚਬਾ ਕੇ ਖਾਣਾ ਚਾਹੀਦਾ ਹੈ ਸੰਤੁਲਤ ਸਾਫ਼ ਤਾਜ਼ੀਆਂ ਹਰੀਆਂ ਸਬਜ਼ੀਆਂ, ਮੌਸਮੀ ਫ਼ਲ, ਸਲਾਦ, ਮੋਟੀ ਛਾਨਣੀ ਨਾਲ ਛਾਣਿਆ ਆਟਾ (ਚੋਕਰ) ਦੁੱਧ, ਦਹੀਂ, ਮੱਖਣ, ਪਨੀਰ, ਦਾਲਾਂ ਦੀ ਵਰਤੋਂ ਪੋਸ਼ਟਿਕ ਤੱਤਾਂ ਦੀ ਪੂਰਤੀ ਕਰਦੇ ਹਨ ਤੇ ਸਰੀਰ ਨੂੰ ਨਿਰੋਗ ਰੱਖਣ ਵਿੱਚ ਸਹਾਇਕ ਹਨ।

7. ਖੁਰਾਕ ਠੀਕ ਪੱਚਣ ਵਾਸਤੇ ਭੋਜਨ ਨਾਲ ਜ਼ਿਆਦਾ ਪਾਣੀ ਨਹੀਂ ਪੀਣਾ ਚਾਹੀਦਾ ਅੱਧਾ ਘੰਟਾ ਜਾਂ 1 ਘੰਟਾ ਬਾਅਦ ਪਾਣੀ ਪੀਣਾ ਚਾਹੀਦਾ ਹੈ।

8. ਭੋਜਨ ਛੱਕਣ ਤੋਂ ਬਾਅਦ ਕੁਰਲਾ ਕਰਕੇ ਹੱਥ ਸਾਫ ਕਰਕੇ ਗਿੱਲੇ ਗਿੱਲੇ ਹੱਥ ਮੂੰਹ ਤੇ ਅੱਖਾਂ ਤੇ ਮਲੋ ਅੱਖਾਂ ਤੇ ਮਲਣ ਨਾਲ ਅੱਖਾਂ ਦੀ ਜੋਤ ਵੱਧਦੀ ਹੈ ਮੁੱਖ ਦੀ ਸੁੰਦਰਤਾ ਵੱਧਦੀ ਹੈ।

9. ਪਿਸ਼ਾਬ ਦੇ ਰੋਗ (ਪੱਥਰੀ ਆਦਿ) ਤੋਂ ਬਚਣ ਵਾਸਤੇ ਭੋਜਨ ਛੱਕਣ ਤੋਂ ਬਾਅਦ ਪਿਸ਼ਾਬ ਕਰਨਾ ਅਤਿ ਜ਼ਰੂਰੀ ਹੈ।

10. ਸਰਦੀ ਦੀ ਮੌਸਮ ਵਿੱਚ ਪੇਟ ਦੀ ਅਗਨੀ ਵਧੀ ਰਹਿੰਦੀ ਹੈ ਇਸ ਕਰਕੇ ਦੇਸੀ ਘੀ, ਦੁੱਧ ਵ ਗੈਰਾ ਪੋਸ਼ਟਿਕ ਪਦਾਰਥਾਂ ਦੀ ਵਰਤੋਂ

1. **ਹਰੀ ਸਬਜ਼ੀ ਬਣਾਉਣ ਵੇਲੇ ਉਸ ਵਿੱਚ 2-4 ਬੂੰਦਾਂ ਨਿੰਬੂ ਦੀਆਂ ਪਾ ਦਿਓ, ਸਬਜ਼ੀ ਦਾ ਹਰਾਪਨ ਕਾਇਮ ਰਹਿੰਦਾ ਹੈ।**
2. **ਬਤਾਊਂ ਕੱਟ ਕੇ ਲੂਣ ਦੇ ਪਾਣੀ ਵਿੱਚ ਪਾ ਦਿਓ। ਬਤਾਊਆਂ ਵਿੱਚ ਕਾਲਾਪਨ ਨਹੀਂ ਆਉਂਦਾ।**
3. **ਤਰੀ ਵਾਲੀ ਸਬਜ਼ੀ ਬਣਾਉਣ ਵੇਲੇ ਉਸ ਵਿੱਚ ਥੋੜ੍ਹਾ ਜਿਹਾ ਕੱਚਾ ਦੁੱਧ ਪਾ ਦਿਓ ਤੇ ਸਬਜ਼ੀ ਸਵਾਦ ਬਣਦੀ ਹੈ।**
4. **ਭਿੰਡੀ ਦੀ ਸਬਜ਼ੀ ਬਣਾਉਣ ਵੇਲੇ ਉਸ ਵਿੱਚ ਥੋੜ੍ਹਾ ਜਿਹਾ ਅੰਬਚੂਰ ਪਾ ਦਿਓ, ਭਿੰਡੀ ਲੇਸ ਨਹੀਂ ਛੱਡਦੀ।**
5. **ਫੁੱਲ ਗੋਭੀ ਬਣਾਉਣ ਵੇਲੇ ਗੋਭੀ ਦਾ ਹੀ ਇੱਕ ਪਤਾ ਵਿੱਚ ਪਾ ਦਿਓ, ਗੋਭੀ ਦਾ ਚਿੱਟਾਪਨ ਕਾਇਮ ਰਹਿੰਦਾ ਹੈ।**
6. **ਪਿੱਤਲ ਦੇ ਭਾਂਡੇ ਵਿੱਚ ਸਬਜ਼ੀ ਬਣਾਉਣ ਵੇਲੇ ਟਮਾਟਰ ਨਾ ਪਾਓ। ਟਮਾਟਰ ਪਾਉਣ ਨਾਲ ਸਬਜ਼ੀ ਕੌੜੀ ਤੇ ਜ਼ਹਿਰੀਲੀ ਹੋ ਜਾਂਦੀ ਹੈ।**

ਕਰਨੀ ਤੰਦਰੁਸਤੀ ਲਈ ਲਾਭਕਾਰੀ ਹੈ।

11. ਗਰਮੀ ਦੀ ਮੌਸਮ ਵਿੱਚ ਨਿੰਬੂ, ਇਮਲੀ, ਕੱਚਾ ਅੰਬ, ਧੀਆਂ, ਪੁਦੀਨਾ ਆਦਿ ਦੀ ਵਰਤੋਂ ਕਰਨੀ ਲਾਭਕਾਰੀ ਹੈ। ਘੱਟ ਭੋਜਨ ਖਾਣ ਨਾਲ ਹੈਜ਼ਾ, ਦਸਤ, ਉਲਟੀਆਂ ਆਦਿ ਪ੍ਰਾਣ ਘਾਤਕ ਰੋਗਾਂ ਦਾ ਡਰ ਨਹੀਂ ਰਹਿੰਦਾ।

12. ਮਹੀਨੇ ਵਿੱਚ ਚਾਰ ਵਾਰ ਜਾਂ ਕਮ ਸੇ ਕਮ ਦੋ ਵਾਰ ਉਪਵਾਸ (ਬਰਤ) ਰੱਖਣ ਨਾਲ ਸਰੀਰ ਤੇ ਅੱਖਾਂ ਨੂੰ ਵਿਸ਼ੇਸ਼ ਲਾਭ ਹੁੰਦਾ ਹੈ। ਬਰਤ ਇਸ ਕਰਕੇ ਰੱਖਣਾ ਜ਼ਰੂਰੀ ਹੈ ਜੋ ਭੋਜਨ ਪੇਟ ਵਿੱਚ ਪੱਕਣ ਸਮੇਂ ਕੱਚਾ ਰਹਿ ਜਾਂਦਾ ਹੈ ਉਹ ਕੱਚਾ ਆਮ ਰਸ ਬਰਤ ਸਮੇਂ ਪਚਾਕੇ ਮਿਹਦਾ ਤੇ ਆਤਾਂ (ਅੰਤੜੀਆਂ) ਸਾਫ਼ ਹੋ ਜਾਂਦੀਆਂ ਹਨ। ਆਯੁਰਵੇਦ ਅਨੁਸਾਰ ਕੱਚੇ ਰਸ ਨੂੰ ਆਮ ਕਹਿੰਦੇ ਹਨ। ਜਿਸ ਨਾਲ ਸਰੀਰ ਵਿੱਚ ਅਨੇਕਾਂ ਰੋਗ ਪੈਦਾ ਹੁੰਦੇ ਹਨ ਜਿਵੇਂ ਕਿ ਆਲਸ, ਨਜ਼ਲਾ, ਪੇਟ ਗੈਸ, ਚੱਕਰ, ਕਬਜ਼ ਜਾਂ ਮਰੋੜ, ਸਿਰਦਰਦ, ਆਮਵਾਦ (ਗਠੀਆ) ਮਧੂਮੇਹ (ਸ਼ੂਗਰ) ਪੇਟ ਦੇ ਰੋਗ ਅਤੇ ਸਵਾਇਨ ਫਲੂ ਅਤੇ ਕੈਂਸਰ ਜੈਸੇ ਭਿਆਨਕ ਰੋਗਾਂ ਦਾ ਆਮ ਰਸ ਕਾਰਣ ਹੈ। ਬਰਤ ਰੱਖਣ ਨਾਲ ਉਪਰੋਕਤ ਰੋਗਾਂ ਤੋਂ ਪੂਰੀ ਤਰ੍ਹਾਂ ਬਚਿਆ ਜਾ ਸਕਦਾ ਹੈ।

13. ਬਰਤ ਵਾਲੇ ਦਿਨ ਪਾਣੀ, ਦੁੱਧ, ਫਲ ਨਿੰਬੂ ਦੀ ਸੰਕਜਵੀਂ ਫ਼ਲਾਂ ਦਾ ਜੂਸ ਕੋਈ ਹਲਕਾ ਫ਼ਲ ਘੱਟ ਮਾਤਰਾ ਵਿੱਚ ਖਾਣਾ ਅੱਛਾ ਹੈ ਬਰਤ ਵਾਲੇ ਦਿਨ ਕੋਈ ਨਿੱਗਰ ਤਲੀ ਚੀਜ਼ ਖਾਣੀ ਹਾਨੀਕਾਰਕ ਹੈ।

14. ਸਰੀਰ ਵਿੱਚ ਅਮੋਲਕ ਰਤਨ ਅੱਖਾਂ ਹਨ ਜਿਨ੍ਹਾਂ ਦੀ ਰੱਖਿਆ ਕਰਨੀ ਜ਼ਰੂਰੀ ਹੈ ਦਿਨ ਵਿੱਚ 2 ਵਾਰੀ ਠੰਡੇ ਪਾਣੀ ਦੇ ਲਗਭਗ 14-15 ਵਾਰੀ ਛਿੱਟੇ ਮਾਰਕੇ ਅੱਖਾਂ ਦਾ ਇਸ਼ਨਾਨ ਕਰਾਵੇ। ਸੂਰਜ ਚੜ੍ਹਨ ਤੋਂ 1 ਘੰਟਾ ਬਾਅਦ ਅੱਖਾਂ ਬੰਦ ਕਰਕੇ ਸੂਰਜ ਦੀ ਤਰਫ਼ ਇੱਕ ਮਿੰਟ ਅੱਖਾਂ ਬੰਦ ਕਰਕੇ ਬੈਠਣ ਨਾਲ ਅੱਖਾਂ ਦੀ ਜੋਤ ਵੱਧਦੀ ਹੈ।

15. ਜਿੰਨ੍ਹਾਂ ਦੀ ਨਿਗ੍ਹਾ ਵਿੱਚ ਖਾਰਾਬੀ ਹੈ ਉਨ੍ਹਾਂ ਨੂੰ ਛੇਤੀ ਹੀ ਨੇਤ੍ਰ ਵਿਸ਼ੇਸ਼ਕ ਚਿਕਿੱਤਸਕ ਤੋਂ ਜਾਂਚ ਕਰਾਉਣੀ ਚਾਹੀਦੀ ਹੈ।

16. ਮਦ ਪਾਨ (ਸ਼ਰਾਬ ਪੀਣੀ) ਬਿਲਕੁਲ ਵਿਵਰਜਤ ਹੈ। ਤੇਜ਼ ਰੌਸ਼ਨੀ, ਧੂੜ, ਧੂਆਂ ਤੇ ਕੁਸੰਗਤ ਤੋਂ ਬਚਣਾ ਚਾਹੀਦਾ ਹੈ ਇਹ ਸਮਾਜਿਕ, ਆਰਥਿਕ (ਧਨ) ਅਤੇ ਸਰੀਰ ਲਈ ਹਾਨੀਕਾਰਕ ਹਨ। ਜ਼ਿਆਦਾ ਠੰਡੀਆਂ, ਜ਼ਿਆਦਾ ਗਰਮ, ਜ਼ਿਆਦਾ ਖੱਟੀਆਂ, ਰਾਤ ਨੂੰ ਮੂਲੀ ਅਤੇ ਦਹੀਂ ਖਾਣੀ, ਮਾਸ ਅੰਡਾ, ਸ਼ਰਾਬ ਆਦਿ ਸਿਹਤ ਲਈ ਅਤਿਅੰਤ ਹਾਨੀਕਾਰਕ ਹਨ।

17. ਠੰਡੇ ਪਾਣੀ ਨਾਲ ਜਾਂ ਮੌਸਮ ਅਨੁਸਾਰ ਹੱਥ ਪੈਰ ਧੋ ਕੇ ਪੈਰਾਂ ਦੀਆਂ ਤਲੀਆਂ ਤੇ ਤੇਲ ਦੀ ਮਾਲਸ਼ ਕਰਕੇ ਸੌਣ ਨਾਲ ਅੱਛੀ ਨੀਂਦ ਆ ਜਾਂਦੀ ਹੈ ਅਤੇ ਮਾੜੇ ਸੁਪਨੇ ਆਉਣ ਦਾ ਭੈਅ ਨਹੀਂ ਰਹਿੰਦਾ।

18. ਲੰਮੀ ਉਮਰ ਦੀ ਤੰਦਰੁਸਤੀ ਅਤੇ ਉਮਰ ਭੋਗਣ ਲਈ ਅੱਛੀ ਨੀਂਦ ਤੇ ਬ੍ਰਹਮਚਰੀਏ ਦਾ ਪਾਲਣ ਕਰਨਾ ਮਨੁੱਖਤਾ ਲਈ ਲਾਭਕਾਰੀ ਹੈ।

19. ਆਪਣੇ ਵਰਤਮਾਨ ਸਮੇਂ ਧਿਆਨ ਨਾਲ ਅੱਛੇ ਕੰਮ ਵਿੱਚ ਮਨ ਨੂੰ ਲਾਵੇ।

20. ਜੀਵਨ ਵਿੱਚ ਪਵਿੱਤਰਤਾ ਅਪਨਾਵੇ ਪ੍ਰਮਾਤਮਾਂ ਦੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਰੂਪ ਸਮਝਕੇ ਪ੍ਰੇਮ ਕਰੇ ਅਤੇ ਸਦਾ ਪ੍ਰਸੰਨ ਖੁਸ਼ ਰਹੇ। ਤ੍ਰਿਸ਼ਨਾਂ, ਕਾਮ, ਕ੍ਰੋਧ, ਮੋਹ, ਹੰਕਾਰ ਨੂੰ ਸੰਜਮ ਵਿੱਚ ਰੱਖਣਾ ਸੁਖਦਾਈ ਹੈ।

21. ਹਰ ਵੇਲੇ ਮਨ ਵਿੱਚ ਨਿਮਰਤਾ ਅਤੇ ਮਿੱਠੀ ਬਾਣੀ ਦਾ ਪ੍ਰਯੋਗ ਕਰੋ। ਮਨ ਵਿੱਚ ਕੋਈ ਐਸੀ ਗੱਲ ਕਦੀ ਨਾ ਸੋਚੋ ਜਿਸ ਨਾਲ ਕਿਸੇ ਦਾ ਦਿਲ ਦੁਖੀ ਹੁੰਦਾ ਹੋਵੇ। ਹਮੇਸ਼ਾਂ ਐਸਾ ਕਰਮ ਕਰੋ ਜਿਸ ਨਾਲ ਸਮਾਜ ਵਿੱਚ ਕਿਸੇ ਨੂੰ ਵੀ ਹਾਨੀ ਨਾ ਹੁੰਦੀ ਹੋਵੇ। ਆਪਣੇ ਆਪ ਨੂੰ ਸਵਾਰੋ ਅਤੇ ਮਹਾਂਪੁਰਸ਼ਾਂ ਦੀ ਸੰਗਤ ਕਰੋ ਜਿਵੇਂ ਕਿ ਬਾਬਾ ਫ਼ਰੀਦ ਜੀ ਦਾ ਫੁਰਮਾਣ ਹੈ –

**ਆਪ ਸਵਾਰਹਿ ਮਿਲਹਿ, ਮੈ ਮਿਲਿਐ ਸੁਖ ਹੋਇ।**
**ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭ ਜਗ ਤੇਰਾ ਹੋਇ।**
**ਫ਼ਰੀਦਾ ਬੁਰੇ ਦਾ ਭਲਾ ਕਰ ਗੁੱਸਾ ਮਨ ਨਾ ਹੰਢਾਇ**
**ਦੇਹੀ ਰੋਗ ਨਾ ਲਾਗਈ, ਪਲੈ ਸਭ ਕਿਛ ਪਾਇ।**

22. ਸਰੀਰ ਸਾਧਨ ਲਈ ਕਿਰਤ ਕਰਨੀ, ਕੀਤੀ ਕਮਾਈ ਵਿੱਚੋਂ ਲੋੜਵੰਦਾਂ ਦੀ ਸੇਵਾ ਹਿੱਤ ਦਸਵੰਧ ਦੇਣਾ ਇਨਸਾਨੀਅਤ ਦਾ ਫਰਜ਼ ਹੈ।

23. ਭੋਜਨ ਖਾਣ ਤੋਂ ਬਾਅਦ ਸਿੱਧੇ ਲੇਟ ਕੇ ਲੰਮੇ ਲੰਮੇ ਅੱਠ ਸਾਹ ਲਵੋ ਫਿਰ ਖੱਬੇ ਲੇਟ ਕੇ ਸੋਲਾਂ ਸਾਹ ਲਓ ਫਿਰ ਸਜੇ ਪਾਸੇ ਲੇਟ ਕੇ ਬੱਤੀ ਸਾਹ ਲਵੋ ਫਿਰ ਸੌ ਕਦਮ ਤੁਰੋ। ਇਸ ਤਰ੍ਹਾਂ ਕਰਨ ਨਾਲ ਪਾਚਣ ਸ਼ਕਤੀ ਠੀਕ ਰਹਿੰਦੀ ਹੈ।

24. ਖਿਮਾ, ਦਯਾ, ਨਿਮਰਤਾ, ਮਿੱਠਤਾ ਸੰਤੋਖ ਇਹ ਗੁਣ ਧਾਰਨ ਨਾਲ ਮਨ ਹਰ ਵੇਲੇ ਸ਼ਾਂਤ ਅਤੇ ਅਨੰਦ ਵਿੱਚ ਰਹਿੰਦਾ ਹੈ।

# ਕਾਵਿ-ਕਿਆਰੀ

## ਕਵਿਤਾ / ਮੈਂ, ਮਾਂ ਤੇ ਕਵਿਤਾ

**ਸੁਰਿੰਦਰ ਮਕਸੂਦਪੁਰੀ**



ਮਾਂ ਨੇ ਮੈਨੂੰ ਰੋਂਦਿਆਂ
ਮਾਂ ਨੇ ਮੈਨੂੰ ਵਰਾਉਂਦਿਆਂ
ਜਦੋਂ ਲੋਰੀ ਦੀ
ਪਹਿਲੀ ਹੇਕ ਲਾਈ ਹੋਵੇਗੀ
ਤਾਂ ਮੇਰੀ ਕਲਮ ਨੂੰ ਸੱਚਮੁਚ
ਕਵਿਤਾ ਦੀ ਗੁੜ੍ਹਤੀ
ਪਰਣਾਈ ਹੋਵੇਗੀ !

ਕੰਮਕਾਜ ਕਰਦਿਆਂ ਚੁੱਲ੍ਹੇ-ਚੌਂਕੇ 'ਚ
ਚੰਨ ਦੀ ਰੋਟੀ ਬਣਾ ਕੇ ਮਾਂ ਨੇ
ਜਦੋਂ ਆਕਾਸ਼ ਦੇ ਤਵੇ 'ਤੇ ਪਾਈ ਹੋਵੇਗੀ
ਕਾਵਿਕ ਫੁੱਲਾਂ/ਵਲਵਲਿਆਂ ਸੰਗ
ਕਾਇਨਾਤ ਦੀ ਫੁਲਵਾੜੀ
ਮਹਿਕਾਈ ਹੋਵੇਗੀ
ਕੋਈ ਲੋਕ ਗੀਤ ਗੁਣਗੁਣਾਉਂਦਿਆਂ
ਮਾਂ ਨੇ ਫਿਰ
ਮੇਰੇ ਮਨ ਦੀ ਕੋਰੀ ਚਾਦਰ 'ਤੇ
ਕਾਵਿ ਹਰਫ਼ਾਂ ਦੀ
ਬੁਣਤੀ ਬਣਾਈ ਹੋਵੇਗੀ !

ਚੁੱਲ੍ਹੇ ਦੀ ਅੱਗ
ਜਦੋਂ ਮੱਠੀ ਹੋਊ ਪੈ ਗਈ
ਫਿਰ ਸੂਰਜ ਦੀਆਂ ਕਿਰਨਾਂ ਨੂੰ
ਚੁੱਲ੍ਹੇ ਵਿਚ ਚਿਣ ਕੇ
ਪੇਟ ਦੀ ਭੁੱਖ ਮਿਟਾਈ ਹੋਵੇਗੀ
ਮਾਂ ਨੇ ਮੈਨੂੰ ਵੇਖ ਕੇ ਭੁੱਖਾ
ਜ਼ਰੂਰ ਦੁੱਧ-ਝਰਨੇ ਦੀ ਨਦੀ
ਵਹਾਈ ਹੋਵੇਗੀ !

'ਜਪੁਜੀ', 'ਸੁਖਮਨੀ', 'ਰਹਿਰਾਸ'
ਗੁਰਬਾਣੀ ਪੜ੍ਹਦਿਆਂ ਮਾਂ ਨੇ
ਜਦੋਂ ਪਾਵਨ ਸ਼ਬਦਾਂ ਦੀ ਧੁਨ
ਮੇਰੇ ਗੂੰਗੇ/ਬੋਲੇ ਸੰਸਾਰ ਨੂੰ
ਸੁਣਾਈ ਹੋਵੇਗੀ
ਜਾਂ ਰੱਬੀ ਰਹਿਮਤ ਦੀ
ਰੂਹਾਨੀ ਰਬਾਬ ਵਜਾਈ ਹੋਵੇਗੀ
ਤਾਂ ਯਕੀਨਨ ਇਹ ਕਵਿਤਾ
ਹੋਂਦ ਵਿਚ ਆਈ ਹੋਵੇਗੀ !


ਕਿਹਾ ਹੋਵੇਗਾ ਸੱਚਮੁਚ
ਮਾਂ ਨੇ ਫਿਰ
ਚੱਲ ਪੁੱਤ ਉੱਡ
ਲਾ ਅੰਬਰੀਂ ਉਡਾਰੀਆਂ
ਵਾਰੀ ਆਂ ਮੈਂ ਤੈਥੋਂ
'ਮਕਸੂਦਪੁਰੀ' ਵਾਰੀ ਆਂ !

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021,**
**ਮੋ. 99887-10234**

*****

## ਕਵਿਤਾ/ ਵਧ ਰਹੀ ਆਬਾਦੀ

**ਰਤਨ ਟਾਹਲਵੀ**



ਤੁਸੀਂ ਵੱਧ ਰਹੀ ਆਬਾਦੀ 'ਤੇ ਚਿੰਤਾ ਕਿਉਂ ਕਰਦੇ ਹੋ
ਜਿੱਥੇ
ਬੇਰੁਜ਼ਗਾਰੀ ਆਤਮ ਹੱਤਿਆ ਕਰਵਾ ਰਹੀ ਏ
ਜਿੱਥੇ
ਮਹਿੰਗਾਈ ਨੇ ਦਮ ਘੁੱਟ ਰੱਖਿਆ ਏ
ਜਿੱਥੇ
ਲੋਕੀਂ ਦੇਸ਼ਾਂ 'ਚ ਰਹਿੰਦੇ ਵਿਦੇਸ਼ਾਂ ਨੂੰ ਹਿਜਰਤ ਕਰ ਗਏ
ਜਿੱਥੇ
ਲੋਕੀਂ ਨਸ਼ਿਆਂ ਦੇ ਰਸਤੇ ਤੁਰ ਕੇ
ਜੀਵਨ ਲੀਲਾ ਨੂੰ ਵਿਦਿਆ ਕਰ ਰਹੇ ਨੇ।
ਜਿੱਥੇ
ਰਾਹਗੀਰਾਂ ਦੀ ਯਾਤਰਾ ਸੁਰੱਖਿਅਤ ਨਹੀਂ
ਜਿੱਥੇ
ਘਰਾਂ 'ਚ ਬੇਗ਼ਾਨਗੀ ਵਰਗਾ ਅਹਿਸਾਸ
ਜਾ ਰਿਹਾ ਏ ਹੰਢਾਇਆ।
ਜਿੱਥੇ ਰਾਜਨੀਤੀ 'ਵਾਰਦਾਤਾਂ' ਨੂੰ ਲੋਰੀ ਦੇ ਰਹੀ ਹੋਵੇ
ਫਿਰ
ਭਲਾ ਤੁਸੀਂ ਵਧ ਰਹੀ ਆਬਾਦੀ 'ਤੇ ਚਿੰਤਾ ਕਿਉਂ ਕਰਦੇ ਹੋ?

ਕੀ ਇਹ ਨੁਸਖ਼ੇ ਅਬਾਦੀ ਦੇ ਸੰਤੁਲਨ ਲਈ
ਕਾਫ਼ੀ ਨਹੀਂ?

* * * * *

## ਸਾਹਿਬਜ਼ਾਦਿਆਂ ਦੀ ਸ਼ਹੀਦੀ

ਸਰਸਾ ਨਦੀ ਤੇ ਵਿਛੋੜਾ ਜਦ ਪੈ ਗਿਆ,
ਅਲੱਗ ਅਲੱਗ ਰਾਹ ਫਿਰ ਹੋ ਜਾਂਵਦੇ ਨੇ,
ਪਰਿਵਾਰ ਕਿਸੇ ਪਾਸੇ ਸਿੰਘ ਕਿਸੇ ਪਾਸੇ,
ਬੱਦਲ ਮੁਸੀਬਤਾਂ ਦੇ ਗਹਿਰੇ ਫਿਰ ਛਾਂਵਦੇ ਨੇ।

ਛੋਟੇ ਸਾਹਿਬਜ਼ਾਦੇ ਦਾਦੀ ਦੀ ਉਂਗਲ ਫੜ ਕੇ,
ਕਾਲੀ ਠੰਢੀ ਰਾਤ ਦਾ ਪੰਧ ਮੁਕਾਂਵਦੇ ਨੇ,
ਕੰਢੇ ਰੋੜੀਆਂ ਪੈਰਾਂ ਨੂੰ ਵਿਨ ਛੱਡਿਆ,
ਪਹਿਨੇ ਕੱਪੜੇ ਵੀ ਲੀਰਾਂ ਹੋ ਜਾਂਵਦੇ ਨੇ।

ਥਾਂ ਥਾਂ ਤੋਂ ਹੋਏ ਲੀਰਾਂ ਲੀੜੇ,
ਠੰਡੀ ਹਵਾ ਨਾਲ ਬੱਚੇ ਥਰਥਰਾਂਵਦੇ ਨੇ,
ਜਿੱਥੇ ਮਿਲਦਾ ਮੌਕਾ ਦਾਦੀ ਜੀ ਨੂੰ,
ਸੀਨੇ ਲਾ ਬੱਚਿਆਂ ਨੂੰ ਨਿੱਘ ਚੜਾਂਵਦੇ ਨੇ।

ਗੰਗੂ ਪਾਪੀ ਉਹਨਾਂ ਦਾ ਸਾਥੀ ਬਣ ਕੇ,
ਆਪਣੇ ਪਿੰਡ ਸਹੇੜੀ ਦੇ ਰਸਤੇ ਪਾਂਵਦੇ ਨੇ,
ਰੋਟੀ ਖਵਾ ਕੇ ਮੰਜਾ ਬਿਸਤਰ ਦੇ ਕੇ,
ਨਜ਼ਰ ਆਪਣੀ ਫਿਰ ਫਿਰਾਂਵਦੇ ਨੇ।

ਸੌਂ ਗਏ ਸੀ ਜਦੋਂ ਬੱਚੇ ਦਾਦੀ,
ਨਜ਼ਰ ਮੋਹਰਾਂ ਤੇ ਗੰਗੂ ਹੁਰੀ ਟਿਕਾਵਦੇ ਨੇ,
ਚੋਰੀ ਕਰਦੇ ਜਦ ਮਾਤਾ ਨੇ ਫੜ ਲਿਆ,
ਗੰਗੂ ਹੁਰੀਂ ਬਹਾਨੇ ਜਿਹੇ ਕਈ ਬਣਾਂਵਦੇ ਨੇ।

ਇਨਾਮ ਲੈ ਲਵਾਂ ਹਕੂਮਤ ਤੋਂ ਬੱਚੇ ਫੜਾ ਕੇ,
ਗੰਗੂ ਪਾਪੀ ਹੁਰੀਂ ਲਾਲਚ ਵਿੱਚ ਆਂਵਦੇ ਨੇ,
ਸਮਝਾਇਆ ਗੰਗੂ ਨੂੰ ਉਹਦੀ ਮਾਂ ਨੇ ਡਾਹਢਾ,
ਪਰ ਗੰਗੂ ਹੁਰੀਂ ਸਭ ਦੀਆਂ ਛਿੱਕੇ ਟੰਗੀ ਜਾਂਵਦੇ ਨੇ।

ਮਾਤਾ ਗੁਜਰੀ ਵੀ ਆਖਿਆ ਤੂੰ ਸਾਡਾ ਨਮਕ ਖਾਧਾ,
ਕਈ ਕੁਝ ਆਖ ਉਹਨੂੰ ਸਮਝਾਂਵਦੇ ਨੇ,
ਲੈ ਲਈ ਜੋ ਤੂੰ ਮੋਹਰਾਂ ਲੈਣੀਆਂ,
ਸ਼ਿਕਾਇਤ ਲਾਉਣ ਤੋਂ ਉਹਨੂੰ ਵਰਜਾਂਵਦੇ ਨੇ।

ਪਾਪੀ ਗੰਗੂ ਤੇ ਨਾ ਕਿਸੇ ਦਾ ਕੋਈ ਅਸਰ ਹੋਇਆ,
ਦਿਨ ਚੜ੍ਹਦੇ ਹੀ ਥਾਣੇ ਮੋਰਿੰਡੇ ਪਹੁੰਚ ਜਾਂਵਦੇ ਨੇ,
ਮੇਰੇ ਘਰ ਨੇ ਬੱਚੇ ਤੇ ਮਾਤਾ ਜੀ ਗੁਰੂ ਦੇ,
ਸ਼ਿਕਾਇਤ ਲਾ ਕੇ ਪਾਪ ਕਮਾਂਵਦੇ ਨੇ।

ਖ਼ਬਰ ਦੇ ਕੇ ਸਰਕਾਰੀ ਦਰਬਾਰ ਅੰਦਰ,
ਖਿਰਾਤ ਸਰਕਾਰੀ ਉਹ ਝੋਲੀ ਪਾਂਵਦੇ ਨੇ,
ਸਾਰੀ ਉਮਰ ਦੀ ਕੀਤੀ ਖੂਹ ਪਾ ਕੇ,
ਗੱਦਾਰੀ ਦਾ ਮੱਥੇ ਉਹ ਕਲੰਕ ਲਗਾਂਵਦੇ ਨੇ।

ਚੜ੍ਹੀ ਪੁਲਿਸ ਮੋਰਿੰਡੇ ਤੋਂ ਸਹੇੜੀ,
ਬੱਚੇ ਫੜ ਕੇ ਥਾਣੇ ਲਿਆਂਵਦੇ ਨੇ,
ਕਰੋ ਇਸਲਾਮ ਕਬੂਲ ਤੁਸੀਂ ਬੱਚਿਓ,
ਥਾਣੇਦਾਰ ਡਰਾਵੇ ਦੇ ਕੇ ਬੱਚੇ ਧਮਕਾਂਵਦੇ ਨੇ।

ਤੇਰਾ ਧਰਮ ਅਸੀਂ ਨਹੀਂ ਕਬੂਲ ਕਰਨਾ,
ਸਿਰ ਜਾਂਦਾ ਜਾਵੇ ਕਹਿ ਬੱਚੇ ਫਤਿਹ ਗਜਾਂਵਦੇ ਨੇ,
ਸਭ ਕੋਸ਼ਿਸ਼ਾਂ ਜਦੋਂ ਥਾਣੇਦਾਰ ਦੀਆਂ ਬੇਕਾਰ ਗਈਆਂ,
ਸਰਹੰਦ ਦੇ ਨਵਾਬ ਨੂੰ ਖ਼ਬਰ ਪਹੁੰਚਾਂਵਦੇ ਨੇ।

ਪੇਸ਼ ਕਰੋ ਗੁਰੂ ਦੇ ਬੱਚਿਆਂ ਨੂੰ,
ਵਜ਼ੀਰ ਖਾਂ ਨਵਾਬੇ ਸਰਹੰਦ ਹੁਕਮ ਸੁਨਾਂਵਦੇ ਨੇ,
ਵੱਡਾ ਬੰਦ ਛੋਟਾ ਖੋਲ ਦਰਵਾਜ਼ਾ ਦਰਬਾਰ ਦਾ,
ਸਿਰ ਬੱਚਿਆਂ ਦਾ ਝੁਕਾਉਣ ਦੀ ਸਕੀਮ ਬਣਾਂਵਦੇ ਨੇ।

ਸਾਹਿਬਜ਼ਾਦੇ ਦਰਵਾਜ਼ੇ ਵਿਚ ਪਹਿਲਾਂ ਪੈਰ ਵਧਾ ਕੇ,
ਬੜੀ ਸ਼ਾਨ ਨਾਲ ਦਰਬਾਰ ਵਿਚ ਆਂਵਦੇ ਨੇ,
ਸਾਰੇ ਮਨਸੂਬਿਆਂ ਤੇ ਨਵਾਬ ਦੇ ਪਾਣੀ ਫੇਰ ਕੇ,
ਗੱਜ ਕੇ ਫਤਿਹ ਉਹ ਫਿਰ ਬੁਲਾਂਵਦੇ ਨੇ।

ਤੁਹਾਡੀ ਉਮਰ ਬੜੀ ਹੈ ਛੋਟੀ ਬੱਚਿਓ,
ਕਿਉਂ ਭੋਏ ਦੇ ਭਾਅ ਜਾਨ ਗੁਆਂਵਦੇ ਹੋ,
ਹੂਰਾਂ ਜੰਨਤ ਦੀਆਂ ਕਰਨਗੀਆਂ ਤੁਹਾਡਾ ਸਵਾਗਤ,
ਇਸਲਾਮ ਧਰਮ ਜੇ ਸਾਡਾ ਅਪਣਾਂਵਦੇ ਹੋ।

ਧਰਮ ਲਈ ਹੈ ਸੀਸ ਦੇਣਾ ਸਾਨੂੰ ਮਿਲੀ ਸਿੱਖਿਆ,
ਇਹ ਕਹਿ ਬੱਚੇ ਨਵਾਬ ਨੂੰ ਚੁੱਪ ਕਰਵਾਂਵਦੇ ਨੇ,
ਦੇ ਲੈ ਜੋ ਤੂੰ ਸਾਨੂੰ ਤਸੀਹੇ ਦੇਣੇ ਕਹਿ ਕੇ,
ਉਂਗਲੀਆਂ ਸਭ ਦੇ ਮੂੰਹ ਪਵਾਂਵਦੇ ਨੇ।

ਜਾਓ ਕਰ ਲਓ ਸਲਾਹ ਆਪਣੀ ਦਾਦੀ ਮਾਂ ਨਾਲ ਕਹਿ ਕੇ,
ਠੰਡੇ ਬੁਰਜ ਵਿਚ ਕੈਦ ਕਰਵਾਂਵਦੇ ਨੇ,
ਇਕ ਦਿਨ ਦੀ ਦਿੱਤੀ ਤੁਹਾਨੂੰ ਮੋਹਲਤ,

ਨਵਾਬ ਦੂਜੇ ਦਿਨ ਪੇਸ਼ੀ ਦਾ ਹੁਕਮ ਸੁਣਾਂਵਦੇ ਨੇ।

ਦੂਜੇ ਦਿਨ ਬੱਚੇ ਦਰਬਾਰ ਪੇਸ਼ ਹੋ ਕੇ,
ਪਹਿਲਾਂ ਨਾਲੋਂ ਜੋਸ਼ੀਲੀ ਫਤਿਹ ਬੁਲਾਂਵਦੇ ਨੇ,
ਸੱਤ ਤੇ ਨੌਂ ਸਾਲ ਦੇ ਬੱਚੇ ਪਹਾੜ ਵਾਂਗਰ ਖੜ੍ਹ ਕੇ,
ਸਾਰਾ ਸਰਹੰਦ ਦਾ ਦਰਬਾਰ ਹਿਲਾਂਵਦੇ ਨੇ।

ਕੀ ਕੀਤੀ ਸਲਾਹ ਆਪਣੀ ਦਾਦੀ ਨਾਲ ਤੁਸੀਂ,
ਦੂਜੇ ਦਿਨ ਨਵਾਬ ਸਰਹੰਦ ਇਹ ਪ੍ਰਸ਼ਨ ਸੁਣਾਂਵਦੇ ਨੇ,
ਜ਼ਰਾ ਦੱਸੋ ਦਰਬਾਰ ਵਿਚ ਤੁਸੀਂ ਖੁੱਲ੍ਹ ਕੇ,
ਸਾਰੇ ਦਰਬਾਰੀ ਇਹ ਸੁਣਨਾ ਚਾਂਵਦੇ ਨੇ।

ਜੋ ਦਿੱਤੀ ਸਲਾਹ ਰਾਤੀ ਦਾਦੀ ਮਾਂ ਨੇ,
ਬੱਚੇ ਖੁੱਲ੍ਹ ਕੇ ਸਭ ਸੁਣਾਂਵਦੇ ਨੇ,
ਧਰਮ ਛੱਡਣਾ ਨਹੀਂ ਭਾਵੇਂ ਸੀਸ ਕੱਟ ਜਾਵੇ ਕਹਿ ਕੇ,
ਸਾਰੇ ਦਰਬਾਰ ਨੂੰ ਚੁੱਪ ਕਰਵਾਂਵਦੇ ਨੇ।

ਦਰਬਾਰ ਵਿਚ ਬੈਠਾ ਸੁੱਚਾ ਨੰਦ ਖੱਤਰੀ,
ਚੁੱਕਾਂ ਨਵਾਬ ਸਰਹੰਦ ਨੂੰ ਜਾਂਦੇ ਚੜ੍ਹਾਂਵਦੇ ਨੇ,
ਇਨ੍ਹਾਂ ਇੰਤਜ਼ਾਰ ਕਿਉਂ ਤੁਸੀਂ ਕਰੀ ਜਾਂਦੇ ਕਹਿ ਕੇ,
ਨਵਾਬ ਨੂੰ ਸਜ਼ਾ ਲਈ ਪਏ ਉਕਸਾਂਵਦੇ ਨੇ।

ਨਵਾਬ ਸਰਹੰਦ ਫਿਰ ਕਿਹਾ ਬੱਚਿਆਂ ਨੂੰ,
ਮੰਨ ਲਓ ਐਵੇਂ ਕਿਉਂ ਜਾਨ ਗਵਾਂਵਦੇ ਹੋ,
ਕਰੋ ਐਸ਼ ਤੇ ਜੀਓ ਬਚੀ ਜ਼ਿੰਦਗੀ,
ਸਾਡਾ ਧਰਮ ਕਿਉਂ ਤੁਸੀਂ ਠੁਕਰਾਂਵਦੇ ਹੋ।

ਜੇ ਮੈਂ ਛੱਡ ਦੇਵਾਂ ਤੁਸੀਂ ਕੀ ਕਰੋਗੇ,
ਨਵਾਬ ਸਰਹੰਦ ਇਹ ਗੱਲ ਸੁਣਾਂਵਦੇ ਨੇ,
ਇਕੱਠੇ ਕਰਕੇ ਸਿੰਘ ਅਸੀਂ ਕਰਾਂਗੇ ਟਾਕਰਾ ਜ਼ੁਲਮ ਦਾ,
ਬੱਚੇ ਇਹ ਕਹਿ ਜੈਕਾਰਾ ਲਗਾਂਵਦੇ ਨੇ।

ਸੁੱਚਾ ਨੰਦ ਖੱਤਰੀ ਦਾ ਗੰਦਾ ਮੂੰਹ ਫੇਰ ਖੁੱਲ੍ਹਿਆ,
ਸਪੋਲੀਏ ਬੱਚਿਆਂ ਨੂੰ ਗੁਰੂ ਦੇ ਕਹਿਵਾਂਦੇ ਨੇ,
ਸਿਰ ਚੁੱਕਣ ਤੋਂ ਪਹਿਲਾਂ ਸਿਰ ਕੁਚਲ ਦੇਵੋ,
ਸੁਝਾ ਨਵਾਬ ਨੂੰ ਕੋਝਾ ਸੁਝਾਂਵਦੇ ਨੇ।

ਨਵਾਬ ਸਰਹੰਦ ਬੁਲਾ ਫਿਰ ਕਾਜੀ,
ਭਰੇ ਦਰਬਾਰ ਵਿਚ ਸਜ਼ਾ ਸੁਨਾਂਵਦੇ ਨੇ,
ਜਿੰਦੇ ਚਿਣ ਦਿਓ ਨੀਹਾਂ ਵਿਚ ਬੱਚਿਆਂ ਨੂੰ,
ਇਹ ਕਹਿ ਕੇ ਗੱਲ ਮੁਕਾਂਵਦੇ ਨੇ।

ਸੁਣ ਸਜ਼ਾ ਬੱਚੇ ਫਤਿਹ ਬੁਲਾ ਕੇ,
ਸਾਰਾ ਧਰਤ ਅੰਬਰ ਹਿਲਾਂਵਦੇ ਨੇ,
ਪੋਤੇ ਗੁਰੂ ਤੇਗ ਬਹਾਦਰ ਜੀ ਦੇ ਸੱਚੇ ਬਣ ਕੇ,
ਲੇਖੇ ਧਰਮ ਲਈ ਸੀਸ ਲਗਾਂਵਦੇ ਨੇ।

'ਸੁਖਵਿੰਦਰ' ਲਸਾਨੀ ਸ਼ਹਾਦਤ ਗੁਰੂ ਦੇ ਬੱਚਿਆਂ ਦੀ,
ਲੋਕ ਅੱਜ ਵੀ ਗੀਤ ਉਹਨਾਂ ਦੇ ਗਾਂਵਦੇ ਨੇ,
'ਜਲਾਲਪੁਰੀ' ਨੂੰ ਜੋ ਗੁਰੂ ਨੇ ਸ਼ਬਦ ਬਖ਼ਸ਼ੇ,
ਸਭ ਸੰਗਤ ਨੂੰ ਕਵਿਤਾ ਰਾਹੀਂ ਭੇਟਾ ਚੜ੍ਹਾਂਵਦੇ ਨੇ।



**ਸੁਖਵਿੰਦਰ ਸਿੰਘ ਘੋਤਰਾ**
**ਇੰਸਪੈਕਟਰ ਸੀ ਬੀ ਆਈ ,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

● ● ●

# ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।

# Republic Day

Republic Day is celebrated on 26th January every year. This day is celebrated with fervour and pride across India. On this day, the Constitution of India came into effect. It marks the day when India got truly independent and attained the historic Purna Swaraj. We became a sovereign, secular, socialist, democratic republic country on 26 January 1950, almost three years post-independence. Here, we have provided an Essay on Republic Day. Students can go through it to get an idea on how to write an essay on Republic Day during the exam. Then, they can try to write an essay in their own words.

## History of Republic Day

Republic Day is of great historical importance. We got freedom from the British on 15 August 1947, but we were not having any form of government or constitution or political parties. On 26th January 1950, India implemented the Constitution. Pandit Jawaharlal Nehru was elected as the President of Indian National Congress and Poorna Swaraj was declared on 26th January 1930. However, we got independence on 15 August 1947.

After independence, a special constituent assembly was appointed for making the Constitution of India. Dr. B.R. Ambedkar led the constitution drafting committee. While creating India's constitution, other countries' constitutions have also been referred to, so as to create the best constitution. After 166 days, the Constitution of India was finally made. It was created in such a manner that all citizens of India could enjoy equal rights pertaining to their religions, culture, caste, sex and creed. On 26th January 1950, the Constitution of India was adopted and implemented, and the day is referred to as Republic Day. Moreover, it marks the end of the British rule and birth of India as a Republic State.

## How is Republic Day Celebrated in India?

Republic Day is a national festival and is celebrated on 26th January of every year. This day is declared as a national holiday. People celebrate this day with a lot of zeal and happiness. The President of India hoists the national flag on Rajpath in New Delhi. It is followed by a 21 gun salute and the national anthem. People from all over the country visit the Rajpath to view the grand celebration of Republic Day. The first President who hoisted the flag ceremony was Dr. Rajendra Prasad.

In school, colleges, government offices and private organisations, the celebration is enjoyed with full enthusiasm. March past and parade takes place in schools along with the other functions. Many schools distribute sweets to students. Indians across the country celebrate the spirit of freedom and forget the differences between them, such as caste, religion, language and culture.

# GOOGLE APPOINTS LOBANA AS COUNTRY MANAGER FOR INDIA



Google has appointed Preeti Lobana as its new country manager and vice president for India. The role was vacant following Sanjay Gupta's elevation to the role of Asia-Pacific president in July this year.

Lobana spent eight years as vice president of customer-centric solutions and will now head Google India's sales and operations, the company said in a statement. "In this role, she will play a pivotal role in shaping Google's strategy to bring the transformative power of AI to all customers, fostering innovation across the nation." Roma Datta Chobey led the firm as an interim country manager until now. Lobana will partner with Chobey, even as the latter will continue her role as managing director for Google India's Digital Native Industries.

"This is a once-in-a-lifetime moment to shape the future with AI, unlocking unprecedented opportunities for businesses to boost productivity, solve critical challenges, and create innovative solutions. I'm deeply committed to working with our talented teams and partners to drive economic growth and deliver meaningful value across India," Lobana said.

• • •

**ਚੁੱਪ ਰਹਿਣ ਇਕ ਸਾਧਨਾ ਹੈ, ਤਪੱਸਿਆ ਹੈ, ਪਰ ਸੋਚ ਸਮਝ ਕੇ ਬੋਲਣਾ ਇਕ ਕਲਾ ਹੈ ।**

**APPLICATIONS ARE INVITED UPTO 15.02.2025 FROM ELIGIBLE CANDIDATES**

Application Regd. No.________

# BABA MAKHAN SHAH LOBANA FOUNDATION (REGD.)

Sector-30A, Chandigarh-160030, Phone: 73470-65188, 98768-11137

## APPLICATION FORM

Merit, Merit Cum-Means Scholarship for the Academic Year-202__

Affix Passport Size Photo

1. Name of Applicant ______________________________
   (In Block Letters)
2. (i) Father's Name: ______________________________

   (ii) Mother's Name: ______________________________

   (iii) Occupation: ______________________________
3. Caste ______________________________
4. Address for Correspondence: Village:- ____________ Post Office :-____________

   Police Station :-______________ Tehsil :- ______________

   Distt :-____________________Pin Code :- ______________
5. Permanent Address ______________________________

   Contact No. Mobile: ____________ STD Code: ______ Landline:____________

   E-mail: ______________________________
6. Class in which studying ______________________________
7. Past performance and merit in the School/Board/ University (Last Two Years) : -

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Marks Sheet) |
| | | | | Indicate Board/University Examination (Attach Marks Sheet) |

8. Were you granted scholarship last year: Yes/No
   If Yes, Amount of Scholarship received (last year) ____________ Class______
9. i) Annual income of Parents/Guardians in Rs. ____________ p.a.
   ii) Attach income certificate from the employer/ Payslip/STT A/C
   iii) Income verified by the Sarpanch/ Numberdar.

10. Signatures a) Student: ____________________________

b) Father-Guardian : ______________________

11. Name of the Bank ________________________ Place ____________________

Account Holder's Name ____________________________________________

Bank Account No. ______________________IFSC Code ___________________

12. Identify documents: - Aadhar Card/ Election Card / Ration Card/ Any Govt. issued ID.

Note: List of documents to be attached with application: -

a. Self-attested photocopy of Marks Sheet.
b. Self-attested any other educational document etc.
c. No. of enclosures with the application.

13. Certificate of the Head of the Institution: -

Certified that the applicant is a regular student of class ________ in this School/ College and particulars as shown above are correct.

Place ______________ Signature _________________

Dated _____________ Name ____________________

Designation Stamp Seal

1. Certified that the above facts stated are correct & true to the best of my knowledge. Recommended by the Executive Committee Member/ Working Committee Member/ Any Office Bearer of the BMSL Foundation (Regd.), Sector 30A, Chandigarh.

Place ______________ Signature _______________

Dated _____________ (Name & Designation)

**FOR OFFICE USE ONLY**

i) Date of application received ___________________
ii) Completion / correctness of the applicant By General Secretary _____________
iii) No. of enclosures with the application ____________

Recommended by__________ Sanctioned/ Approved____________

Convener/ Member of the Education Committee

President



# MATRIMONIAL



**LOOKING FOR EDUCATED AND BEAUTIFUL BRIDE FOR PR CANADA BOY, 1994 BORN, HEIGHT 6" FROM MOHALI-PB, EDUCATION MBA AND MASTER IN BUSINESS FROM CANADA, FAMILY – FATHER RETD. FROM GOVT. OF PUNJAB, MOTHER HOUSE WIFE & SISTER HAPPILY MARRIED. CANADA. CONTACT – 9988513281, 7973096844**

* * * * *

**SEEKING MATCH FOR SIKH LOBANA GIRL STATE/CENTER GOVT. EMPLOYEE, B.A.L.L.B, APRIL 1997, 5'-5", WORKING AS LEGAL ASSISTANT, PUNJAB GOVT. AT CHANDIGARH. CONTACT: 98139-24411**

* * * * *

**SEEKING SUITABLE MATCH FOR LOBANA SIKH BOY PARGAT SINGH, S/O SUB. GIAN SINGH, IS WELL-SETTLED IN CANADA. HE IS A GRADUATE AND OWNS TWO RESTAURANTS IN CANADA. HIS FATHER IS RETIRED FROM THE ARMY, HIS MOTHER IS A HOMEMAKER, AND HIS SISTER IS MARRIED AND WELL-SETTLED IN CANADA.HE IS LOOKING FOR A WELL-EDUCATED GIRL FROM A REPUTABLE FAMILY.CONTACT: +1 (709) 217-6091, +1 (709) 217-6788**

* * * * *

**LUBANA SIKH BOY DEC'92, 5.11FT. BE MBA, FAMILY SETTLED AT AMRITSAR SR. MANAGER MNC DELHI, REQUIRED QUALIFIED. WORKING GIRL CAST NO BAR. 9417145424, 8360907886**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਦਸੰਬਰ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਗੁਪਤ ਦਾਨ | 456 | 500/- | 16.11.2024 |
| 2. | ਸ: ਲਖਵਿੰਦਰ ਸਿੰਘ ਮੁੰਦਰ, ਮਿਆਨੀ, ਹੁਸ਼ਿਆਰਪੁਰ। (ਆਪਣੇ ਬੇਟੇ ਦੇ ਵਿਆਹ ਦੀ ਖੁਸ਼ੀ ਵਿੱਚ ਭਵਨ ਨੂੰ ਦਾਨ ਕੀਤੇ।) | 457 | 3100/- | 08.12.2024 |
| 3. | ਸ: ਰਵਿੰਦਰ ਸਿੰਘ ਗੁਰੂ ਘਰ ਮੁੱਖ ਸੇਵਾਦਾਰ, ਮ. ਨੰ: 2092, ਸੈਕਟਰ-45, ਚੰਡੀਗੜ੍ਹ। | 458 | 200/- | 15.12.2024 |
| 4. | ਸ: ਨਿਰਮਲ ਸਿੰਘ ਮੈਂਟੀਨੈਂਸ ਸਕੱਤਰ, ਮ. ਨੰ: 2354, ਫ਼ੇਸ-10, ਮੋਹਾਲੀ। | 459 | 200/- | 15.12.2024 |
| 5. | ਸ: ਜਸਵੀਰ ਸਿੰਘ ਮ. ਨੰ: 1004, ਸੈਕਟਰ-68, ਮੋਹਾਲੀ। | 460 | 100/- | 15.12.2024 |
| 6. | ਸ: ਦਰਬਾਰਾ ਸਿੰਘ ਮ. ਨੰ: 130, ਸੈਕਟਰ-46ਏ, ਚੰਡੀਗੜ੍ਹ। | 461 | 200/- | 15.12.2024 |
| 7. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ: 3405, ਸੈਕਟਰ-40ਡੀ, ਚੰਡੀਗੜ੍ਹ। | 462 | 200/- | 15.12.2024 |
| 8. | ਸ: ਅਮਰਜੀਤ ਸਿੰਘ ਮ. ਨੰ: 42, ਸੈਕਟਰ-16ਏ, ਚੰਡੀਗੜ੍ਹ। | 463 | 500/- | 15.12.2024 |
| 9. | ਸ: ਐਨ.ਪੀ. ਸਿੰਘ ਸਟਾਰ ਐਨਕਲੇਵ, ਸੈਕਟਰ-48ਸੀ, ਚੰਡੀਗੜ੍ਹ। | 464 | 2100/- | 15.12.2024 |
| 10. | ਸ: ਚਰਨਜੀਤ ਸਿੰਘ ਐਚ.ਐਲ.600, ਫ਼ੇਸ-9, ਮੋਹਾਲੀ। | 465 | 200/- | 15.12.2024 |
| 11. | ਪੰਡਿਤ ਰਾਮ ਕੁਮਾਰ ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 466 | 500/- | 15.12.2024 |
| 12. | ਸ: ਜਗਬੀਰ ਸਿੰਘ 183, ਵੈਸਟਰਨ ਹੋਮਜ਼, ਸੈਕਟਰ-125, ਮੋਹਾਲੀ। | 467 | 200/- | 15.12.2024 |
| 13. | ਸ: ਪਰਮਜੀਤ ਸਿੰਘ ਪਾਲੀਆ ਮ. ਨੰ: 763, ਸੈਕਟਰ 40ਏ, ਚੰਡੀਗੜ੍ਹ। | 468 | 2100/- | 16.12.2024 |

| | | | | |
|---|---|---|---|---|
| 14. | ਸ: ਸੁਖਵਿੰਦਰ ਸਿੰਘ<br>ਇੰਸਪੈਕਟਰ ਸੀ.ਬੀ.ਆਈ, ਜਲਾਲਪੁਰ। | 469 | 200/- | 27.12.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# Lobana Bhawan

Baba Makhan Shah Lobana Foundation (Regd.),
Sector 30-A, Chandigarh

## *Facilities Available for All Types of Functions at reasonable rates*

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

ਮਿਤੀ 27.12.2024 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਹਾੜੇ ਦੇ ਮੌਕੇ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਵਿਖੇ ਲੰਗਰ ਦੀ ਸੇਵਾ ਕੀਤੀ ਗਈ ਜਿਸ ਦੀ ਤਸਵੀਰਾਂ ਇਸ ਪ੍ਰਕਾਰ ਹਨ :-

















ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਵਿਖੇ ਪ੍ਰਧਾਨ ਅਤੇ ਸਮੂਹ ਮੈਨੇਜਮੈਂਟ ਕਮੇਟੀ ਮੈਂਬਰਾਂ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵਰਗਵਾਸੀ ਡਾ. ਮਨਮੋਹਨ ਸਿੰਘ ਜੀ ਨੂੰ ਮਿਤੀ 31.12.2024 ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸਵਰਗਵਾਸੀ ਡਾ. ਮਨਮੋਹਨ ਸਿੰਘ ਜੀ ਦਾ portrait ਲੁਬਾਣਾ ਭਵਨ ਦੀ ਲਾਇਬ੍ਰੇਰੀ ਵਿਚ ਲਗਾਇਆ ਗਿਆ।

Postal No. - Jallandhar Vide No. L-4/PB/JL-0196/2024-2026

# ਸਵ: ਡਾ. ਮਨਮੋਹਨ ਸਿੰਘ ਜੀ ਦੇ ਕੁਝ ਯਾਦਗਾਰੀ ਪਲ




**26-09-1932 ਤੋਂ 26-12-2024**



